ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 19/11 ਨਵੰਬਰ 2019 – ਨਾਨਕਸ਼ਾਹੀ ਕੱਤਕ-ਮੱਘਰ 551

## ਇਤਿਹਾਸਿਕ ਦਿਹਾੜੇ

### ਨਵੰਬਰ ਅਤੇ ਦਸੰਬਰ

| | |
|---|---|
| ਜੋਤੀ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 1 ਨਵੰਬਰ |
| ਜਨਮ ਦਿਹਾੜਾ ਭਗਤ ਨਾਮਦੇਵ ਜੀ | 8 ਨਵੰਬਰ |
| ੫੫੦ ਸਾਲਾ ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | 12 ਨਵੰਬਰ |
| ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ | 15 ਨਵੰਬਰ |
| ਅਕਾਲ ਚਲਾਣਾ ਭਾਈ ਮਰਦਾਨਾ ਜੀ | 28 ਨਵੰਬਰ |
| ਗੁਰਗੱਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 29 ਨਵੰਬਰ |
| ਜਨਮ ਦਿਹਾੜਾ ਸਾਹਿਬਜ਼ਾਦਾ ਜੋਰਾਵਰ ਸਿੰਘ ਜੀ | 30 ਨਵੰਬਰ |
| ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 1 ਦਸੰਬਰ |
| ਜਨਮ ਸਾਹਿਬਜ਼ਾਦਾ ਫਤਿਹ ਸਿੰਘ ਜੀ | 14 ਦਸੰਬਰ |
| ਸ਼ਹੀਦੀ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ | 23 ਦਸੰਬਰ |
| ਸ਼ਹੀਦੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ | 28 ਦਸੰਬਰ |

www.gurmatparsar.com

## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਮੰਘਿਰਿ ਮਾਹਿ ਸੋਹੰਦੀਆ .........॥ (ਜੀਵਨ - ਜੁਗਤਿ)

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥

ਮਾਝ ਬਾਰਹਮਾਹਾ (ਮਃ ੫) – ਅੰਗ ੧੩੫

ਪਦ ਅਰਥ :- ਮੰਘਿਰਿ-ਮੰਘਰ ਵਿਚ। ਮਾਹਿ ਮਹੀਨੇ ਵਿਚ। ਪਿਰ ਸੰਗਿ - ਪਤੀ ਦੇ ਨਾਲ। ਕਿਆ ਗਣੀ-ਮੈਂ ਕੀਹ ਦੱਸਾਂ ? ਬਿਆਨ ਨਹੀਂ ਹੋ ਸਕਦੀ। ਜਿ-ਜਿੰਨ੍ਹਾਂ ਨੂੰ। ਸਾਹਿਬਿ-ਸਾਹਿਬ ਨੇ। ਰਾਮ ਸਿਉ-ਪਰਮਾਤਮਾ ਨਾਲ। ਸਾਧ ਸਹੇਲੜੀਆਹਿ ਸੰਗਿ-ਸਤ ਸੰਗੀਆਂ ਨਾਲ। ਬਾਹਰੀ-ਬਿਨਾ। ਤੇ-ਤੋਂ। ਦਿਸਹਿ-ਦਿੱਸਦੀਆਂ ਹਨ। ਖੜੀਆਹ-ਸਾਵਧਾਨ, ਸੁਚੇਤ। ਕੰਠਿ-ਗਲ ਵਿਚ (ਭਾਵ, ਹਿਰਦੇ ਵਿਚ) ਬਾਂਛੈ-ਮੰਗਦਾ ਹੈ। ਦਰਿ-ਦਰ ਉਤੇ। ਬਹੁੜਿ-ਮੁੜ, ਫਿਰ।

ਅਰਥ :- ਮੱਘਰ (ਦੇ ਠੰਢੇ-ਮਿੱਠੇ) ਮਹੀਨੇ ਵਿਚ ਉਹ ਜੀਵ-ਇਸਤ੍ਰੀਆਂ ਸੋਹਣੀਆਂ ਲੱਗਦੀਆਂ ਹਨ ਜੋ ਹਰੀ-ਪਤੀ ਦੇ ਨਾਲ ਬੈਠੀਆਂ ਹੁੰਦੀਆਂ ਹਨ। ਜਿੰਨ੍ਹਾਂ ਨੂੰ ਮਾਲਕ ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ, ਉਹਨਾਂ ਦੀ ਸੋਭਾ ਬਿਆਨ ਨਹੀਂ ਹੋ ਸਕਦੀ। ਸਤ-ਸੰਗੀ ਸਹੇਲੀਆਂ ਦੀ ਸੰਗਤਿ ਵਿਚ ਪ੍ਰਭੂ ਦੇ ਨਾਲ (ਚਿੱਤ ਜੋੜ ਕੇ) ਉਹਨਾਂ ਦਾ ਸਰੀਰ ਉਹਨਾਂ ਦਾ ਮਨ ਸਦਾ ਖਿੜਿਆ ਰਹਿੰਦਾ ਹੈ।

ਪਰ ਜੇਹੜੀਆਂ ਜੀਵ-ਇਸਤ੍ਰੀਆਂ ਸਤਸੰਗੀਆਂ ( ਦੀ ਸੰਗਤਿ) ਤੋਂ ਵਾਂਜੀਆਂ ਰਹਿੰਦੀਆਂ ਹਨ, ਉਹ ਇਕੱਲੀਆਂ (ਛੁੱਟੜ) ਹੀ ਰਹਿੰਦੀਆਂ ਹਨ (ਜਿਵੇਂ ਸੜੇ ਹੋਏ ਤਿਲਾਂ ਦਾ ਬੂਟਾ ਪੈਲੀ ਵਿਚ ਨਿਖਸਮਾ ਰਹਿੰਦਾ ਹੈ। ਇਕੱਲੀ ਨਿਖਸਮੀ ਜਿੰਦ ਨੂੰ ਵੇਖ ਕੇ ਕਾਮਾਦਿਕ ਕਈ ਵੈਰੀ ਆ ਕੇ ਘੇਰ ਲੈਂਦੇ ਹਨ, ਤੇ) ਉਹਨ ਦਾ (ਵਿਕਾਰਾਂ ਤੋਂ ਉਪਜਿਆ) ਦੁੱਖ ਕਦੇ ਲਹਿੰਦਾ ਨਹੀਂ, ਉਹ ਜਮਾਂ ਦੇ ਵੱਸ ਪਈਆਂ ਰਹਿੰਦੀਆਂ ਹਨ।

ਜਿੰਨ੍ਹਾਂ ਜੀਵ-ਇਸਤ੍ਰੀਆਂ ਨੇ ਪਤੀ-ਪ੍ਰਭੂ ਦਾ ਸਾਥ ਮਾਣਿਆ ਹੈ, ਉਹ (ਵਿਕਾਰਾਂ ਦੇ ਹੱਲੇ ਵਲੋਂ) ਸਦਾ ਸੁਚੇਤ ਦਿੱਸਦੀਆਂ ਹਨ (ਵਿਕਾਰ ਉਹਨਾਂ ਉੱਤੇ ਚੋਟ ਨਹੀਂ ਕਰ ਸਕਦੇ, ਕਿਉਂਕਿ) ਪਰਮਾਤਮਾ ਦੇ ਗੁਣਾਨੁਵਾਦ ਉਹਨਾਂ ਦੇ ਹਿਰਦੇ ਵਿਚ ਪੋਤੇ ਰਹਿੰਦੇ ਹਨ, ਜਿਵੇਂ ਹੀਰੇ ਜਵਾਹਰ ਤੇ ਲਾਲਾਂ ਦਾ ਹਾਰ ਗਲ ਵਿਚ ਪਾਇਆ ਹੁੰਦਾ ਹੈ।

ਨਾਨਕ ਉਹਨਾਂ ਸਤਸੰਗੀਆਂ ਦੇ ਚਰਨਾਂ ਦੀ ਧੂੜ ਮੰਗਦਾ ਹੈ ਜੋ ਪ੍ਰਭੂ ਦੇ ਦਰ ਤੇ ਪਏ ਰਹਿੰਦੇ ਹਨ ਜੋ ਪ੍ਰਭੂ ਦੀ ਸਰਨ ਵਿਚ ਰਹਿੰਦੇ ਹਨ। ਮੰਘਰ ਵਿਚ ਪਰਮਾਤਮਾ ਦਾ ਸਿਮਰਨ ਕੀਤਿਆਂ ਮੁੜ ਜਨਮ ਮਰਨ ਦਾ ਗੇੜ ਨਹੀਂ ਵਾਪਰਦਾ।੧੦।

ਵਧਾਈਆਂ ਵਧਾਈਆਂ ਵਧਾਈਆਂ

# ਗੁਰਸਿੱਖਾ ਮਨਿ ਵਧਾਈਆਂ

ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਸਾਰੇ ਸੰਸਾਰ ਵਿੱਚ ਬੜੇ ਉਪਰਾਲੇ ਕੀਤੇ ਜਾ ਰਹੇ ਹਨ। ਸੰਗਤਾਂ ਵਿੱਚ ਠਾਠਾਂ ਮਾਰਦਾ ਉਤਸ਼ਾਹ ਨਜ਼ਰ ਆ ਰਿਹਾ ਹੈ।ਇਸ ਪੁਰਬ ਨੂੰ ਸਫਲ ਬਨਾਉਣ ਲਈ ਹਰ ਨਾਨਕ ਨਾਮ ਲੇਵਾ ਅਪਣੀ ਵਿਤ ਅਨੁਸਾਰ ਉਦਮ ਕਰ ਰਿਹਾ ਹੈ। ਸਾਡੇ ਜੀਵਨ ਦਾ ਇਹ ਇੱਕ ਨਿਵੇਕਲਾ ਦਿਨ ਹੈ ਜਦੋਂ ਸਾਨੂ ਸਾਰਿਆਂ ਨੂੰ ਇਸ ਮੋਕੇ ਤੇ ਵਧਾਈਆਂ ਲੈਣ/ਦੇਣ ਦਾ ਸੁਨਹਿਰੀ ਅਵਸਰ ਪ੍ਰਾਪਤ ਹੋ ਰਿਹਾ ਹੈ।

ਇਸ ਅਤਿਅੰਤ ਖੁਸ਼ੀ ਦੇ ਮੋਕੇ ਭਾਈ ਗੁਰਦਾਸ ਜੀ ਅਪਣੀ ਬਾਣੀ ਵਿੱਚ ਇਉਂ ਜੀਵਨ ਸੇਧ ਬਖਸ਼ਦੇ ਹਨ।

**ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।**
**(ਵਾਰ ੧੨ ਪਉੜੀ ੨)**

ਉਨ੍ਹਾਂ ਗੁਰ ਸਿਖਾਂ ਤੋਂ ਕੁਰਬਾਨ ਜਾਈਐ ਜੋ ਗੁਰੂ ਦੇ ਪੁਰਬ ਨੂੰ ਪ੍ਰੇਮਾ ਭਗਤੀ ਨਾਲ ਮਨਾਉਂਦੇ ਹਨ। ਇਹ ਬਚਨ ਬੜੇ ਕੀਮਤੀ ਹਨ ਭਾਇ ਭਗਤਿ (ਪ੍ਰੇਮਾ ਭਗਤੀ)

ਪ੍ਰੇਮਾ ਭਗਤੀ ਰਾਹੀ ਮਨੁੱਖ ਉਸ ਵਾਹਿਗੁਰੂ ਦੀ ਜੋਤ ਨੂੰ ਹਰ ਪਾਸੇ ਪਸਰਿਆ ਵੇਖਦਾ ਹੈ। ਹਰ ਪਾਸੇ ਉਸ ਦਾ ਨੂਰ ਹੀ ਨੂਰ ਨਜ਼ਰ ਆਉਂਦਾ ਹੈ। ਇਸ ਕਾਰਨ ਉਸ ਦੇ ਅੰਦਰ ਇੱਕ ਖੇੜੇ ਦੀ ਅਵਸਥਾ ਬਣਦੀ ਹੈ ਅਤੇ ਉਹ ਉਸ ਅਕਾਲ ਪੁਰਖ ਦੇ ਸ਼ੁਕਰਾਨੇ ਵਿੱਚ ਲੀਨ ਹੋ ਜਾਂਦਾ ਹੈ।

ਆਓ ਅਸੀ ਇਸ ਮਹਾਨ ਪੁਰਬ ਤੇ ਅਪਣੇ ਸਾਰੇ ਗਿਲੇ ਸ਼ਿਕਵੇ ਭੁਲ ਕੇ ਕੇਵਲ ਗੁਰੂ ਨਾਨਕ ਦੀ ਬਖਸ਼ੀ ਸਿਖਿਆ

**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**
**ਗੁਰ ਸਾਖੀ ਜੋਤਿ ਪਰਗਟੁ ਹੋਇ॥ ਸੋਹਿਲਾ ਧਨਾਸਰੀ (ਮਃ ੧)ਅੰਗ ੧੩**

ਨੂੰ ਅਪਣੇ ਜੀਵਨ ਦਾ ਢੰਗ ਬਣਾ ਕੇ ਸਦੀਵੀ ਖੇੜੇ ਦੀ ਅਵਸਥਾ ਨੂੰ ਪ੍ਰਾਪਤ ਕਰੀਏ।

ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀਆਂ ਦਾਸਾ ਵਲੋਂ ਲੱਖ-ਲੱਖ ਵਧਾਈਆਂ ਪ੍ਰਵਾਨ ਕਰੋ ਜੀ।

ਦਾਸ

(ਇੰਦਰਜੀਤ ਸਿੰਘ)
ਮੁੱਖ ਸੇਵਾਦਾਰ

(ਨਰਿੰਦਰ ਬੀਰ ਸਿੰਘ)
ਜਨਰਲ ਸਕੱਤ੍ਰ

# ਗੁਰੂ ਨਾਨਕ ਸਾਹਿਬ ਨੇ ਕਿਹੋ ਜਹੇ ਮਨੁੱਖ ਦੀ ਘਾੜਤ ਘੜੀ

**ਡਾ. ਸਰੂਪ ਸਿੰਘ ਅਲੱਗ**

ਗੁਰੂ ਨਾਨਕ ਸਾਹਿਬ ਨੇ ਆਪਣੇ ਕਰਾਂਤੀਕਾਰੀ ਵਿਚਾਰਾਂ ਨਾਲ, ਪਿਆਰ ਭਰੇ ਬੋਲਾਂ ਨਾਲ, ਮਾਨਵਪਖੀ ਕਰਮਾਂ ਨਾਲ, ਦਿਲ ਨੂੰ ਟੁੰਬਦੇ ਸ਼ਬਦਾਂ ਨਾਲ, ਲਾਮਿਸਾਲ ਸਦਾਚਾਰਕ ਵਿਹਾਰ ਨਾਲ, ਸਦੀਆਂ ਤੋਂ ਫਰੇਬਾਂ, ਕਪਟਾਂ, ਵਿਕਾਰਾਂ ਅਤੇ ਫੋਕਟ ਕਰਮ-ਕਾਂਡਾਂ ਵਿੱਚ ਗ੍ਰਸਤ ਸਮਾਜ ਨੂੰ ਸੰਵਾਰਨ ਦੇ ਬੜੇ ਸਾਰ

ਥਕ ਉਪਰਾਲੇ ਕੀਤੇ ਜਿਨ੍ਹਾਂ ਦਾ ਪ੍ਰਭਾਵ ਦੇਸ਼ ਦੇ ਕੋਨੇ-ਕੋਨੇ ਤੱਕ ਤਾਂ ਗਿਆ ਹੀ ਸੀ, ਬਦੇਸ਼ਾਂ ਵਿੱਚ ਵੀ ਉਨ੍ਹਾਂ ਦੇ ਬੇਨਜ਼ੀਰ ਅਸੂਲਾਂ, ਜੀਵਨ ਜੀਣ ਲਈ ਉਸਾਰੂ ਕੀਮਤਾਂ ਕਦਰਾਂ ਸਦਕਾ ਬੜਾ ਸੁਖਾਵਾਂ ਪ੍ਰਭਾਵ ਪਿਆ। ਦੰਭੀ ਅਤੇ ਸਵਾਰਥੀ ਸੋਚ ਨੇ ਇਖਲਾਕੀ ਮਿਆਰ ਦੀ ਚਮਕ ਦਮਕ ਨੂੰ ਧੁੰਦਲਾ ਕੀਤਾ ਹੋਣ ਕਾਰਨ, ਗੁਰੂ ਸਾਹਿਬ ਨੂੰ ਹਰ ਖੇਤਰ ਵਿੱਚ ਸੁਧਾਰ ਕਰਨ ਲਈ ਕਰਮਸ਼ੀਲ ਹੋਣਾ ਪਿਆ ਜਿਸ ਵਿੱਚ ਉਨ੍ਹਾਂ ਨੇ ਭਰਵੀਂ ਕਾਮਯਾਬੀ ਹਾਸਲ ਕੀਤੀ। ਆਪਣੀ ਮਿਹਰਬਾਨ ਤੇ ਪਰਉਪਕਾਰੀ ਸੋਚ ਦੇ ਤਾਬੇ, ਉਨ੍ਹਾਂ ਨੇ ਇੱਕ ਐਸੇ ਮਨੁੱਖ ਦੀ ਘਾੜਤ ਘੜੀ, ਜਿਸ ਦਾ ਅੱਜ ਵੀ ਕੋਈ ਸਾਨੀ ਨਹੀਂ।

**ਕਿਰਤ ਕਰੋ, ਨਾਮ ਜਪੋ, ਛਕਣਾ ਹੈ ਵੰਡ ਤੁਸਾਂ,**
**ਸਤਿ ਕਰਤਾਰ ਵਾਲੇ ਨਾਦ, ਨਾਨਕ ਨੇ ਵਜਾ ਦਿੱਤੇ।**
**ਰਬ ਦੀ ਨਾ ਭਾਲ ਕਦੇ, ਥਲਾਂ ਵਿੱਚ ਬੈਠ ਹੁੰਦੀ,**
**ਸਚਾ ਹੈ ਗ੍ਰਸਤ ਸੁਣ ਲੋ, ਭੇਦ ਸਭ ਬਤਾ ਦਿੱਤੇ।**
**ਕਰ ਕੇ ਉਦਾਸੀਆਂ, ਰਿਹਾ ਜਗ ਤਾਰਦਾ,**
**ਨਾਨਕ ਦਾ ਰੂਪ ਧਾਰ, ਬੇੜੇ ਬੰਨੇ ਲਾ ਦਿੱਤੇ। ਗੁਰਦੀਸ਼**

ਸ਼ਬਦ ਨੂੰ ਨਿਰੰਕਾਰੀ ਸ਼ਕਤੀ ਸਮਝ, ਗੁਰੂ ਨਾਨਕ ਦੇਵ ਜੀ ਨੇ ਸਭ ਨੂੰ ਵਹਿਮਾਂ-ਭਰਮਾਂ ਅਤੇ ਹਠ ਕਰਕੇ ਆਪਣੇ ਸਰੀਰਾਂ ਨੂੰ ਕਸ਼ਟਾਂ ਵਿੱਚ ਪਾਈ ਰੱਖਣ ਦੀ ਸੋਚ ਨੰੂ ਬੜੀ ਉਚੀ ਅਵਾਜ਼ ਨਾਲ ਨਕਾਰਿਆ ਤਾਂ ਕਿ ਬਾਬੇ ਦੀ ਕੀਰਤੀ ਦਾ ਸਤਿਕਾਰ ਕਰਨ ਵਾਲਾ ਅਭਿਲਾਸ਼ੀ, ਸੰਸਾਰ ਨੂੰ ਤਿਆਗ ਕੇ ਅਤੇ ਘਰ ਬਾਹਰ ਤੇ ਪਰਿਵਾਰ ਨੂੰ ਨਕਾਰ ਕੇ ਸਮਾਜ ਤੋਂ ਬੇਮੁਖ ਨਾ ਹੋ ਜਾਵੇ। ਗੁਰੂ ਸਾਹਿਬ ਅਨੁਸਾਰ, ਉਸ ਲਈ ਸਮਾਜਕ ਜੀਵਨ ਦੇ ਜ਼ਾਬਤੇ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਨੇਕ ਕਿਰਤ ਕਮਾਈ ਕਰਕੇ ਆਪਣੇ ਪਰਿਵਾਰ ਦਾ ਇਜ਼ਤਦਾਰੀ ਨਾਲ ਨਿਰਬਾਹ ਕਰਨਾ ਇਤਨਾ ਹੀ ਜ਼ਰੂਰੀ ਹੈ ਜਿਤਨਾ ਰਬ ਦੀ ਪ੍ਰਾਪਤੀ ਦਾ ਅਮਲ ਹੋ ਸਕਦਾ ਹੈ। ਗ੍ਰਸਤ ਵਿੱਚ ਵਿਚਰਦਿਆਂ ਹੋਇਆ ਅਭਿਲਾਸ਼ੀ ਨੂੰ ਦੁਖ ਸੁਖ ਨੂੰ ਪ੍ਰਮਾਤਮਾ ਦੀ ਰਜ਼ਾ ਸਮਝਦੇ, ਉਸ ਦੀ ਮਿੱਠੀ ਦਾਤ ਜਾਣ ਕੇ ਹੰਡਾਉਣ ਦੀ ਜਾਂਚ ਆਉਣੀ ਚਾਹੀਦੀ ਹੈ।

ਗੁਰੂ ਨਾਨਕ ਨਾਮ ਲੇਵਾ ਸਜਣਾਂ ਨੇ ਔਰਤ ਵਰਗ ਦਾ ਭਰਵਾਂ ਸਤਿਕਾਰ ਕਰਕੇ ਉਸ ਨੂੰ ਬਰਾਬਰੀ ਦੇ ਅਹਿਸਾਸ ਵਿੱਚ ਆਪਣੇ ਨਾਲ ਲੈ ਕੇ ਜੀਵਨ ਸੰਘਰਸ਼ ਲਈ ਉਸਨੂੰ ਸੁਯੋਗ ਭਾਈਵਾਲ ਸਮਝਣਾ ਹੈ । ਗੁਰੂ ਸਾਹਿਬ ਅਨੁਸਾਰ ਰਾਜਿਆਂ, ਰਾਣਿਆਂ ਅਤੇ ਸੰਤਾਂ ਨੂੰ ਜਨਮ ਦੇਣ ਵਾਲੀ ਔਰਤ ਦਾ ਜਿਤਨਾ ਵੀ ਸਤਿਕਾਰ ਕੀਤਾ ਜਾਵੇ, ਥੋੜ੍ਹਾ ਹੈ । ਔਰਤ ਵਰਗ ਪ੍ਰਤੀ ਬਾਬੇ ਦੀ ਇਸ ਉਸਾਰੂ ਸੋਚ ਨੇ ਹਰ ਸਮਾਜ ਵਿੱਚ ਮਹਿਲਾ ਵਰਗ ਦੀ ਦਸ਼ਾ ਸੰਵਾਰਨ ਲਈ ਇੱਕ ਸੁਚੱਜਾ ਮਾਹੌਲ ਜ਼ਰੂਰ ਸਿਰਜ ਦਿੱਤਾ ।

ਬਾਬੇ ਦੇ ਬੇਸ਼ੁਮਾਰ ਪਰਉਪਕਾਰੀ ਉਪਦੇਸ਼ਾਂ, ਤਾਕੀਦਾਂ, ਸਿਧਾਂਤਾਂ, ਅਸੂਲਾਂ ਅਤੇ ਧਾਰਨਾਵਾਂ ਸਦਕਾ ਜਿਸ ਨਵੇਂ ਮਨੁੱਖ ਦੀ ਘਾੜਤ ਘੜੀ ਗਈ, ਉਸ ਨੂੰ ਸਖ਼ਤ ਹਲੀਮ ਹੋ ਕੇ ਮਾਨਵਤਾ ਦੀ ਸੇਵਾ ਵਿੱਚ ਕਰਮਸ਼ੀਲ ਹੋਣਾ ਉਸ ਦੀ ਇੱਕ ਅਵਸ਼ਕਤਾ ਬਣਾ ਦਿੱਤੀ ਗਈ ਤਾਂ ਕਿ ਸਮਾਜ ਵਿੱਚ ਆਪਸੀ ਮਤਭੇਦਾਂ ਨੂੰ ਨਿਰਬਲ ਕੀਤਾ ਜਾ ਸਕੇ ਅਤੇ ਪਰਸਪਰ ਪ੍ਰੇਮ ਪਿਆਰ ਦਾ ਖੁਸ਼ਗਵਾਰ ਵਾਤਾਵਰਨ ਵਿਕਸਤ ਹੋ ਸਕੇ । ਗੁਰੂ ਨਾਨਕ ਉਪਾਸ਼ਕ ਨੂੰ ਇਸ ਸਿਖਿਆ ਤੇ ਪੂਰੀ ਤਰ੍ਹਾਂ ਅਮਲ ਕਰਨ ਲਈ ਅਸਰਦਾਰ ਢੰਗ ਨਾਲ ਸਮਝਾਇਆ ਗਿਆ ਕਿ ਉਸ ਨੇ ਮਾਨਵਤਾ ਦੀ ਨਿਸ਼ਕਾਮ ਸੇਵਾ ਕਰਨੀ ਹੈ । ਉਸ ਨੇ ਜਿਹੜੀ ਘਾਲ ਕਮਾਉਣੀ ਹੈ, ਉਸ ਨੂੰ ਪਰਿਵਾਰ ਦੇ ਨਾਲ ਨਾਲ ਆਪਣੀ ਨਿਜਤਾ ਤੋਂ ਉੱਤੇ ਉੱਠ ਕੇ ਗਰਜ਼ਮੰਦਾਂ ਤੱਕ ਵੀ ਲੈ ਕੇ ਜਾਣਾ ਹੈ । '**ਘਾਲਿ ਖਾਇ ਕਿਛੁ ਹਥਹੁ ਦੇਇ**' ਵਰਗੇ ਜਜ਼ਬਾਤ ਉਸ ਨੂੰ ਕੰਠ ਕਰਨੇ ਹੋਣਗੇ ਤਾਂ ਹੀ ਸਮਾਜਕ ਜੀਵਨ ਬਲਵਾਨ ਤੇ ਮਰਿਆਦਾ-ਬਧ ਹੋ ਸਕੇਗਾ ।

ਠੀਕ ਹੈ ਬਾਬਾ ਨਾਨਕ ਨੇ ਆਪਣੇ ਸਿੱਖ ਦੇ ਹਿਰਦੇ ਵਿੱਚ ਹਲੀਮੀ, ਨਿਮਰਤਾ ਅਤੇ ਬਰਾਬਰੀ ਭਰੇ ਵਿਹਾਰ ਨੂੰ ਪਰਪੱਕ ਕਰਵਾਇਆ ਪਰ ਇਸ ਵਿੱਚ ਅਣਖ ਦੀ ਕਣੀ ਵੀ ਜ਼ਰੂਰ ਸੰਚਤ ਕਰ ਦਿੱਤੀ ਤਾਂ ਕਿ ਉਸ ਦੀਆਂ ਮਿਹਰਬਾਨੀਆਂ, ਸੇਵਾਵਾਂ ਅਤੇ ਸਦਭਾਵਨਾਵਾਂ ਨੂੰ ਉਸ ਦੀ ਕਮਜ਼ੋਰੀ ਜਾਂ ਬੁਜ਼ਦਿਲੀ ਹੀ ਨਾ ਸਮਝਿਆ ਜਾਣ ਲਗ ਪਵੇ । ਅਜਿਹੀ ਦੁਬਿਧਾ ਭਰੀ ਸਥਿਤੀ ਪੈਰ ਨਾ ਪਸਾਰ ਸਕੇ, ਬਾਬੇ ਨੇ ਸਪੱਸ਼ਟ ਤਾਕੀਦ ਕਰ ਦਿੱਤੀ ਕਿ :

**ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥**

**ਮਾਝ ਕੀ ਵਾਰ (ਮਃ ੧) – ਅੰਗ ੧੪੨**

ਜਿਸ ਦੀ ਪਤ ਹੀ ਲਥ ਗਈ, ਇਜ਼ਤ ਹੀ ਨਾ ਰਹੀ, ਉਸ ਕੋਲ ਬਾਕੀ ਕੀ ਰਿਹਾ । ਉਸ ਦਾ ਹੀਣਾ ਮਨ ਕੁਝ ਉਸਾਰੂ ਤੇ ਸੁਚਾਰੂ ਕਰਮ ਕਰਨ ਤੋਂ ਅਸਮਰਥ ਹੀ ਰਹੇਗਾ । ਅਜਿਹੇ ਮਨੁੱਖ ਨੇ ਨਾਮ ਦੀ ਪ੍ਰਾਪਤੀ ਕਿਥੋਂ ਕਰ ਲੈਣੀ ਹੈ ਜੋ ਹਰ ਇੱਕ ਜੀਵ ਦਾ ਅੰਤਮ ਲਕਸ਼ ਹੈ । ਇਸ ਬਾਰੇ ਗੁਰੂ ਸਾਹਿਬ ਵਿਸ਼ੇਸ਼ ਸੁਚੇਤ ਕਰਦੇ ਹਨ ਕਿ '**ਵਿਣੁ ਨਾਵੈ ਪਤਿ**

**ਗਇਆ ਗਵਾਇ ॥੧॥**' ਇਸ ਲਈ ਅਣਖ ਨੂੰ ਬਰਕਰਾਰ ਰੱਖਣ ਲਈ ਨਾਮ ਨੂੰ ਆਧਾਰ ਬਣਾ ਕੇ ਰਖਣਾ ਅਤੀ ਅਵਸ਼ਕ ਹੈ । ਨਾਮ-ਅਧਾਰਤ ਅਣਖ, ਪਤ ਨੂੰ ਸ਼ਕਤੀ ਬਖਸ਼ਦੀ ਹੈ ਜਿਸ ਨਾਲ ਸਾਰੇ ਕਾਰਜ ਨਿਜਮਤ ਰੂਪ ਵਿੱਚ ਤੇ ਸਰਲ ਢੰਗ ਨਾਲ ਚਲਦੇ ਰਹਿੰਦੇ ਹਨ ਅਤੇ ਇਨ੍ਹਾਂ ਵਿਚਾਰਾਂ ਨਾਲ ਓਤ-ਪ੍ਰੋਤ ਹੋਇਆ ਗੁਰੂ ਨਾਨਕ ਦਾ ਉਪਾਸ਼ਕ ਸੰਸਾਰ ਵਿੱਚ ਪਰਮ ਸਰੇਸ਼ਟ ਭੂਮਿਕਾ ਨਿਭਾਉਣ ਲਈ ਹਮੇਸ਼ਾ ਤਤਪਰ ਰਹਿੰਦਾ ਹੈ । ਨਿਰਮਲ ਬਾਣੀ, ਜੋ ਰਬੀ ਰਮਜ਼ਾਂ ਸਾਂਝੀਆਂ ਕਰਦੀ ਹੈ, ਹਰ ਕਿਸੇ ਲਈ ਵਰਦਾਨ ਹੈ । ਗੁਰੂ ਦਾ ਸਿੱਖ ਇਸ ਦਾ ਪ੍ਰਥਮ ਲਾਭ ਪਾਤਰੀ ਹੋ ਸਕਦਾ ਹੈ । ਇਸ ਲਈ ਗੁਰੂ ਵਲ ਮੂੰਹ ਕਰਕੇ ਜੀਵਨ ਜੀਣ ਵਾਲਾ ਮਨੁੱਖ ਅਗਿਆਨਤਾ ਦੇ ਜਕੜਵੇਂ ਹਨੇਰੇ ਵਿੱਚ ਨਹੀਂ ਫਸਦਾ, ਉਸ ਨੂੰ ਜੀਵਨ ਦਾ ਗਾਡੀ ਰਾਹ  ਸਪੱਸ਼ਟ ਦਿਸਦਾ ਹੈ । ਉਸ ਦੇ ਅੰਦਰ ਬਾਹਰ ਚਾਨਣ ਹੀ ਚਾਨਣ ਪਸਰਿਆ ਹੋਣ ਕਾਰਨ ਉਹ ਆਪਣੇ ਨਾਲ-ਨਾਲ ਕਈ ਹੋਰਨਾਂ ਦਾ ਵੀ ਕਲਿਆਣ ਕਰ ਸਕਦਾ ਹੈ । **ਗੁਰੂ ਨਾਨਕ ਦਾ ਸ਼ਿਸ਼ ਹੰਕਾਰੀ ਨਹੀਂ, ਸਵੈ-ਅਭਿਮਾਨੀ ਹੋ ਸਕਦਾ ਹੈ, ਉਹ ਨਾਦਾਨ ਨਹੀਂ, ਨੂਰਾਨੀ ਹੋ ਸਕਦਾ ਹੈ, ਲਾਲਚੀ  ਨਹੀਂ, ਨਿਸ਼ਕਾਮੀ ਹੋ ਸਕਦਾ ਹੈ, ਸੁਆਰਥੀ ਨਹੀਂ, ਪਰਉਪਕਾਰੀ ਜ਼ਰੂਰ ਹੋ ਸਕਦਾ ਹੈ ।** ਇਸ ਲਈ ਉਹ ਸੁਹਿਰਦ ਪੁਰਸ਼ ਹਰ ਪਰਕਾਰ ਦੇ ਘੁਟਾਲਿਆਂ, ਰਿਸ਼ਵਤਖੋਰੀਆਂ ਤੇ ਮਕਰ ਜਾਲਾਂ ਤੋਂ ਪੂਰੀ ਤਰ੍ਹਾਂ ਦੂਰੀ ਬਣਾਈ ਰਖਦਾ ਹੈ । ਉਹ ਤਾਂ ਸੰਸਾਰ ਵਿੱਚ ਅਲਿਪਤ ਰਹਿ ਕੇ ਜੀਵਨ ਬਤੀਤ ਕਰਦਾ ਹੈ ਜਿਵੇਂ ਮੁਰਗ਼ਾਬੀ ਜਲ ਵਿੱਚ ਰਹਿੰਦੀ ਹੋਈ ਵੀ ਆਪਣੇ ਖੰਭਾਂ ਨੂੰ ਭਿਜਣ ਨਹੀਂ ਦੇਂਦੀ, ਜਿਵੇਂ ਕੰਵਲ ਦਾ ਫੁਲ ਪਾਣੀ ਵਿੱਚ ਹੁੰਦਿਆਂ ਹੋਇਆ ਵੀ ਸਦਾ ਅਭਿਜ ਰਹਿੰਦਾ ਹੈ ਅਤੇ ਆਪਣੀ ਖੂਬਸੂਰਤੀ ਤੇ ਖੁਸ਼ਬੂ ਵੰਡਦਾ ਰਹਿੰਦਾ ਹੈ ।

**ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ ॥**
**ਰਾਮਕਲੀ ਕੀ ਵਾਰ:੧ (ਮਃ ੩) – ਅੰਗ ੯੪੯**

ਸਤਿਗੁਰੂ ਨੇ ਜਿਸ ਕਾਮਲ ਮਨੁੱਖ ਨੂੰ ਧਰਤੀ ਦੀ ਸਰਦਾਰੀ ਕਰਨ ਲਈ ਸੁਦ੍ਰਿੜ ਕੀਤਾ ਹੈ, ਉਸ ਨੂੰ ਗੁਰੂ ਸਾਹਿਬ ਦੀ ਬਾਣੀ 'ਜਪੁਜੀ ਸਾਹਿਬ' ਵਿੱਚ ਹਦਾਇਤ ਕੀਤੀ ਗਈ ਹੈ ਕਿ ਉਸ ਨੇ **ਹੁਕਮ ਰਜਾਈ** ਵਿੱਚ ਰਹਿਣਾ ਹੈ, **ਭਾਣਾ ਮੰਨਣਾ** ਹੈ, ਜੋ ਕੁਝ ਹੋ ਰਿਹਾ ਹੈ, ਉਸ ਨੂੰ ਅਕਾਲਪੁਰਖ ਦੀ ਰਜ਼ਾ ਸਮਝਣਾ ਹੈ । ਦੁਨਿਆਵੀ ਲਾਲਸਾਵਾਂ ਕਾਰਨ ਚਿੱਤ ਨੂੰ ਡੋਲਾਉਣਾ ਨਹੀਂ, ਭਰਮਾਉਣਾ ਨਹੀਂ ਅਤੇ ਨਾ ਹੀ ਸਬਰ, ਸੰਤੋਖ ਦਾ ਪੱਲਾ ਛਡਣਾ ਹੈ । ਉਸ ਨੇ ਚੰਗਾ ਸੁਣਨਾ ਹੈ, ਚੰਗਾ ਸੋਚਣਾ ਹੈ, ਚੰਗੇ ਹੀ ਕਰਮ ਕਰਨੇ ਹਨ । ਅਜਿਹੀਆਂ ਗਲਾਂ ਵੱਲ ਲਗਾਤਾਰ ਧਿਆਨ ਧਰ ਕੇ ਉਸ ਨੇ ਸੰਸਾਰ ਵਿੱਚ ਉਪਜੀਵਕਾ ਕਮਾਉਣ ਲਈ ਪ੍ਰਯਤਨਸ਼ੀਲ ਹੋਣਾ ਹੈ ਤਾਂ ਕਿ ਉਸ ਦੇ ਅਤੇ ਪ੍ਰਮਾਤਮਾ ਦੇ ਮਿਲਾਪ ਵਿੱਚ ਜਿਹੜੀ ਕੂੜ ਕੁਸੱਤ ਅਤੇ ਝੂਠ ਦੀ ਦੀਵਾਰ ਉਸਰੀ ਹੋਈ ਹੈ, ਉਹ ਢਹਿ ਸਕੇ । ਇਸ ਪ੍ਰਾਪਤੀ ਲਈ ਉਸ ਨੇ ਹਰ ਲਿਹਾਜ਼ ਨਾਲ **ਹੁਕਮੀ ਬੰਦਾ** ਬਣਨਾ ਹੈ ਜਿਸ ਦੇ ਹੱਥ ਕਾਰ ਵਲ ਤੇ ਚਿਤ ਹਮੇਸ਼ਾ

ਦਾਤਾਰ ਵਲ ਕੇਂਦਰਤ ਹੋਵੇ ਤਾਂ ਕਿ ਜਗਿਆਸੂ ਨੂੰ ਪ੍ਰਮਾਤਮਾ ਦਾ ਸਿੱਧਾ ਦਰ, ਬਿਨਾਂ ਖਟਕੇ ਅਤੇ ਬਿਨਾਂ ਅਟਕੇ, ਪ੍ਰਾਪਤ ਹੋ ਸਕੇ। ਸੱਚ ਤਾਂ ਇਹ ਵੀ ਹੈ ਕਿ ਸਤਿਗੁਰੂ ਜੀ ਆਪਣੇ ਕਰਮਾਂ ਤੇ ਬਚਨਾਂ ਦੁਆਰਾ ਅਨੇਕਤਾ ਵਿੱਚ ਲੁਪਤ ਏਕਤਾ ਨੂੰ ਪਰਕਾਮਾਨ ਕਰਨ ਦੀਆਂ ਵੱਖ-ਵੱਖ ਜੁਗਤਾਂ ਦਾ ਪ੍ਰਯੋਗ ਕਰ ਕੇ ਮਾਨਵ ਸਮਾਜ ਵਿੱਚ ਆਪਸੀ ਨੇੜਤਾ ਲਿਆਉਣ ਵਿੱਚ ਪ੍ਰਯਤਨਸ਼ੀਲ ਰਹਿੰਦੇ ਸਨ।

**ਜਿਨੀ ਕਹੋ ਉਨੀ ਹੀ ਥੋੜ੍ਹੀ ਮੇਰੇ ਸਾਹਿਬ ਦੀ ਵਡਿਆਈ।**

ਗੁਰੂ ਨਾਨਕ ਆਪਣੇ ਸਿੱਖ ਨੂੰ ਸਰਬ-ਉੱਚ ਬਣਾਉਣ ਵਿੱਚ ਵਿਸ਼ਵਾਸ ਰੱਖਦੇ ਸਨ, ਇਸ ਲਈ ਉਨ੍ਹਾਂ ਨੇ ਉਸ ਦੇ ਆਚਰਣ ਨੂੰ ਪਰਪੱਕ ਕਰਨ ਲਈ ਉਸ ਨੂੰ ਅਮਲੀ ਸੇਧਾਂ ਬਖਸ਼ੀਆਂ ਅਤੇ ਉਹ ਵੀ **ਆਮ ਫਹਿਮ** ਭਾਸ਼ਾ ਪੰਜਾਬੀ ਵਿੱਚ ਤਾਂ ਕਿ ਆਮ ਸਾਧਾਰਨ ਅਭਿਲਾਸ਼ੀਆਂ ਲਈ ਵੀ ਅਧਿਆਤਮਕ ਫਲਸਫ਼ਾ ਇਸ ਵਿੱਚ ਸਮਾ ਸਕੇ ਅਤੇ ਇਹ ਹਰ ਲਿਹਾਜ਼ ਨਾਲ ਅਮੀਰ ਤੇ ਬਲਵਾਨ ਹੋ ਕੇ ਵਿਸ਼ਵ ਮੰਚ ਤੇ ਯੋਗਦਾਨ ਪਾ ਸਕਣ ਵਿੱਚ ਪਰਮ ਸ਼ਰੇਸ਼ਟ ਭੂਮਿਕਾ ਨਿਭਾ ਸਕੇ ਤੇ ਸਰਲ ਸਾਦਾ ਜੀਵਨ ਜੀਣ ਵਾਲਿਆਂ ਨੂੰ ਉੱਚੇ ਸੁੱਚੇ ਖਿਆਲਾਂ ਨਾਲ ਮਾਲਾਮਾਲ ਕਰ ਸਕੇ। ਇਵੇਂ ਗੁਰੂ ਸਾਹਿਬ ਨੇ ਅਭਿਲਾਸ਼ੀ ਨੂੰ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਦੇ ਪ੍ਰਭਾਵਾਂ ਤੋਂ ਵੀ ਉੱਚਾ ਉਠਾ ਦਿੱਤਾ। ਸੱਚ ਤੇ ਪਹਿਰਾ ਦੇਣ ਲਈ ਉਸ ਵਿੱਚ ਨਿਡਰਤਾ ਦਾ ਅਜਿਹਾ ਸੰਚਾਰ ਕੀਤਾ ਕਿ ਉਹ ਹੱਕ ਇਨਸਾਫ਼ ਦੀ ਪ੍ਰਾਪਤੀ ਅਤੇ ਕਾਇਮੀ ਦਾਇਮੀ ਲਈ ਆਪਣੇ ਆਪ ਨੂੰ ਵਾਰ ਦੇਣ ਵਿੱਚ ਵੀ ਪਿਛੇ ਨਾ ਰਹੇ। ਖੁਦ ਗੁਰੂ ਸਾਹਿਬ ਨੇ ਆਪਣੀ ਦਲੇਰੀ ਭਰੀ ਸੋਚ ਨਾਲ ਬਾਬਰ ਵਰਗੇ ਹਮਲਾਵਰ ਨੂੰ ਜ਼ੁਲਮ ਕਰਨ ਦੇ ਵਿਰੁਧ ਲਲਕਾਰਨ ਵਿੱਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਨੇ ਬਾਬਰ ਅਤੇ ਉਸ ਦੇ ਜਰਵਾਨਿਆਂ ਦੀ ਹਨੇਰਗਰਦੀ ਵਿਰੁਧ ਪਰਮਾਤਮਾ ਤੱਕ ਨੂੰ ਵੀ ਗਿਲਾ ਕਰਨ ਤੋਂ ਗੁਰੇਜ਼ ਨਹੀਂ ਕੀਤਾ ਅਤੇ ਇੱਥੇ ਤੱਕ ਕਹਿ ਦਿੱਤਾ ਕਿ ਇਸ ਸਭ ਜ਼ੁਲਮ ਜਬਰ ਅਤੇ ਅਤਿਆਚਾਰ ਵੇਖ ਕੇ ਤੈਨੂੰ ਵੀ ਤਰਸ ਨਹੀਂ ਆਇਆ। ਤੂੰ ਕਿਹੋ ਜਿਹਾ ਪ੍ਰਮਾਤਮਾ ਏਂ। ਸਭ ਦਾ ਪ੍ਰਿਤਪਾਲਕ ਤੇ ਰੱਖਿਅਕ ਹੈਂ। ਇਸ ਲਈ ਸਭ ਦਾ ਖਿਆਲ ਰੱਖਣਾ ਤੇਰਾ ਧਰਮ ਹੈ, ਤੇਰਾ ਬਿਰਦ ਹੈ।

**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥**

**ਆਸਾ (ਮਃ ੧) - ਅੰਗ ੩੬੦**

ਜੇ ਕੋਈ ਤਾਕਤਵਰ ਮਨੁੱਖ ਦੂਜੇ ਤਾਕਤਵਰ ਮਨੁੱਖ ਨਾਲ ਭਿੜ ਪਵੇ ਤਾਂ ਲੋਕੀ ਸਹਿ ਲੈਂਦੇ ਹਨ ਪਰ ਜੇਕਰ ਕੋਈ ਭਘਿਆੜ ਭੇਡਾਂ ਦੇ ਵਗ ਤੇ ਟੁੱਟ ਪਵੇ ਅਤੇ ਉਨ੍ਹਾਂ ਨੂੰ ਮਾਰ ਦੇਵੇ ਤਾਂ ਉਸ ਹਾਲਤ ਵਿੱਚ ਵਗ ਦੇ ਮਾਲਕ ਦੀ ਜਵਾਬਦੇਹੀ ਜ਼ਰੂਰ ਬਣਦੀ ਹੈ ਕਿ ਉਹ ਆਪਣੇ ਮਾਲ ਦੀ ਯੋਗ ਰਾਖੀ ਕਿਉਂ ਨਹੀਂ ਕਰ ਸਕਿਆ।

**ਕਰਤਾ ਤੂੰ ਸਭਨਾ ਕਾ ਸੋਈ ॥**
**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥**
**ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ ਅੰਗ ੩੬੦**

ਗੁਰੂ ਸਾਹਿਬ ਦੀ ਪਵਿੱਤਰ ਸੋਚ ਅਨੁਸਾਰ ਅਜਿਹਾ ਮਨੁੱਖ ਹੀ ਕੋਈ ਕਰਾਮਦ ਜੀਵਨ ਬਤੀਤ ਕਰ ਕੇ ਲੁਕਾਈ ਦਾ ਭਲਾ ਕਰ ਸਕਦਾ ਹੈ ਜਿਸ ਦਾ ਆਪਣਾ ਜੀਵਨ ਸਰਲ, ਸਾਦਾ, ਸੰਜੀਦਾ, ਮੁਹਿਰਦ, ਸੂਖਮ ਤੇ ਸੁਗਮ ਹੋਵੇ ਅਤੇ ਗੁਰ ਵਿਚਾਰਧਾਰਾ ਦਾ ਅਨੁਸੰਗੀ ਹੋਵੇ । ਉਹ ਸੱਚ ਸਰੂਪ ਹੋਵੇ, ਸਭਨਾਂ ਵਿੱਚ ਸਤਵਾਦੀ ਸਦਾਚਾਰ ਦਾ ਸੰਚਾਰ ਕਰਨ ਵਿੱਚ ਪੇਸ਼ ਰਹੇ । ਉਹ ਪਿਆਰ ਅਤੇ ਤਿਆਗ ਦੀ ਮੂਰਤੀ ਹੋਵੇ, ਪਿਆਰ ਕਰੇ ਤੇ ਪਿਆਰ ਵੰਡੇ । ਇਹ ਸਾਰਾ ਕੁਝ ਕਰਨਾ ਤਲਵਾਰ ਦੀ ਧਾਰ ਤੇ ਚਲਣ ਸਮਾਨ ਹੈ, ਸਰਲ ਤੇ ਸੌਖਾ ਕਦਮ ਤਾਂ ਉੱਕਾ ਹੀ ਨਹੀਂ । ਇਸ ਪ੍ਰਥਾਇ ਗੁਰੂ ਸਾਹਿਬ ਦਾ ਆਪਣਾ ਕਥਨ ਵੀ ਹੈ ਜੋ ਸਾਨੂੰ ਯੋਗ ਅਗਵਾਈ ਬਖਸ਼ਦਾ ਹੈ:

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥**
**– ਸਲੋਕ ਵਾਰਾਂ ਤੇ ਵਧੀਕ (ਮਃ ੧) – ਅੰਗ ੧੪੧੨**

ਗੁਰੂ ਆਪਣੇ ਸਿੱਖ ਨੂੰ ਅਜਿਹੇ ਸ਼ਕਤੀਸ਼ਾਲੀ, ਦਲੇਰਾਨਾ ਅਤੇ ਗੌਰਵਮਈ ਜੀਵਨ ਦਾ ਧਾਰਨੀ ਬਣਨਾ ਸਖਾਉਂਦਾ ਹੈ ਤਾਂ ਕਿ ਉਹ ਦੁੱਖ-ਸੁੱਖ ਤੇ ਹਰ ਪਰਕਾਰ ਦੇ ਤਸ਼ਦਦਾਂ ਅਤੇ ਅਤਿਆਚਾਰਾਂ ਦਾ ਦਲੇਰੀ, ਅਣਖ ਤੇ ਸਬਰ ਨਾਲ ਮੁਕਾਬਲਾ ਕਰ ਕੇ ਜਰਵਾਣੇ ਨੂੰ ਉਸ ਦੀ ਜ਼ਿਆਦਤੀ ਦਾ ਅਹਿਸਾਸ ਕਰਵਾ ਕੇ ਉਸ ਨੂੰ ਸ਼ਰਮਸ਼ਾਰ ਕਰ ਸਕੇ ਤੇ ਹੋ ਸਕੇ ਤਾਂ ਉਸ ਦੀ ਜ਼ਮੀਰ ਨੂੰ ਝੰਜੋੜਾ ਦੇ ਕੇ ਰਾਹਿ-ਰਾਸ਼ਤ ਤੇ ਲਿਆ ਸਕੇ । ਜੇਕਰ ਅਸੀਂ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਸਾਨੂੰ ਪ੍ਰਤੱਖ ਰੂਪ ਵਿੱਚ ਦਿਸ ਪੈਂਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਦਸਵੇਂ ਜਾਮੇ ਤੱਕ ਪਰਵੇਸ਼ ਕਰਨ ਤੱਕ ਅਤੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਤੇ ਸਰਬਵਿਆਪੀ ਗੁਰੂ ਦਾ ਦਰਜਾ ਪ੍ਰਾਪਤ ਹੋ ਜਾਣ ਦਾ ਸਫਰ ਤੈਅ ਕਰਨ ਉਪਰੰਤ ਜੋ ਖਾਲਸਾ ਧਰਤੀ ਤੇ ਪਰਗਟ ਹੋਇਆ, ਉਸ ਨੇ ਇਤਿਹਾਸ ਦਾ ਮੂੰਹ ਮੋੜ ਕੇ ਰੱਖ ਦਿੱਤਾ, ਜ਼ਾਲਮਾਂ ਅਤੇ ਅਤਿਆਚਾਰੀਆਂ ਦੇ ਦੰਦ ਖਟੇ ਕਰ ਦਿੱਤੇ ਅਤੇ ਮੌਕਾ ਮਿਲਦਿਆਂ ਹੀ ਉਨ੍ਹਾਂ ਦੇ 'ਵਾਂਗ ਨਿੰਬੂਆਂ ਲਹੂ ਨਚੋੜ ਸੁਟੇ ।' ਸਵਾ ਸਵਾ ਲੱਖ ਨਾਲ ਇੱਕ ਇੱਕ ਸਿੰਘ ਦਲੇਰੀ ਨਾਲ ਲੋਹਾ ਲੈਂਦਾ ਤੇ ਮਕਸਦ ਤੇ ਫਤਿਹ ਪਾਉਂਦਾ ਰਿਹਾ । ਗੁਰੂ ਜੀ ਨੇ ਆਪਣੀ ਕੁਸ਼ਲ ਤੇ ਪ੍ਰਬੀਨ ਸੂਝ ਬੂਝ ਨਾਲ ਬੇਹਤਰੀਨ ਮਨੁੱਖ ਦੀ ਬੜੀ ਕਾਮਲ ਘਾੜਤ ਹੀ ਨਹੀਂ ਘੜੀ, ਉਸ ਨੂੰ ਚੰਗੀ ਭੂਮਿਕਾ ਨਿਭਾਉਣ ਜੋਗਾ ਹੋਇਆ ਦੇਖ ਵੀ ਲਿਆ ।

ਅਸੀਂ ਗੁਰੂ ਸਾਹਿਬ ਦੀਆਂ ਸਾਡੇ ਸਾਰਿਆਂ ਦੇ ਵਧੀਆ ਨਿਰਮਾਣ ਲਈ ਕੀਤੀਆਂ ਮਿਹਰਬਾਨੀਆਂ ਦਾ ਕਦੇ ਵੀ ਦੇਣਾ ਨਹੀਂ ਚੁਕਾ ਸਕਦੇ। ਇਹ ਸਾਡੇ ਧੰਨ ਭਾਗ ਹਨ ਕਿ ਅਸੀਂ ਉਸ ਮਹਾਨ ਗੁਰੂ ਦੇ ਸਿੱਖ ਅਖਵਾਣ ਵਾਲੇ ਹਾਂ, ਜਿਸ ਨੇ ਦੇਸ਼ਾਂ ਵਿਦੇਸ਼ਾਂ ਵਿੱਚ ਸਮੁੱਚੀ ਮਾਨਵਤਾ ਦੇ ਕਲਿਆਣ ਹਿਤ ਹੱਕ-ਇਨਸਾਫ ਦਾ ਡਟਕੇ ਪ੍ਰਚਾਰ ਕੀਤਾ ਤੇ ਇਨਸਾਨੀ ਜੀਵਨ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ ਅਤੇ ਜ਼ਿੰਦਗੀ ਦੇ ਆਖਰੀ ਦੋ ਦਹਾਕਿਆਂ ਵਿੱਚ ਕਰਤਾਰਪੁਰ ਵਿੱਖੇ ਵਸ ਕੇ ਉਸ ਨੂੰ ਮਹਾਨ ਗੁਰਸਿੱਖ ਦੀ ਘਾੜਤ ਦਾ ਪ੍ਰੈਕਟੀਕਲ ਕੇਂਦਰ ਬਣਾ ਦਿੱਤਾ।

ਪਰ ਅਫ਼ਸੋਸ ਦੀ ਗੱਲ ਹੈ ਕਿ ਦੁਨੀਆਂ ਦੇ ਕਾਰੋਬਾਰਾਂ ਅਤੇ ਮਾਇਆ ਦੇ ਵਧਦੇ ਪਸਾਰੇ ਨੇ ਸਾਡੇ ਕੰਨ ਗੁਰੂ ਦੀ ਗਲ ਨੂੰ ਧਿਆਨ ਨਾਲ ਸੁਣਨ ਲਈ ਸ਼ਾਇਦ ਬੋਲੇ ਕਰ ਦਿੱਤੇ ਹਨ। ਅਸੀਂ ਸਭ ਕੁਝ ਲਈ ਚੰਗੇ ਭਲੇ ਹਾਂ, ਮਤਲਬ ਨੂੰ ਸਾਹਮਣੇ ਰਖ ਕੇ ਸਾਨੂੰ ਸਾਰੀਆਂ ਸਿਆਣਪਾਂ, ਚਤਰਾਈਆਂ ਤੇ ਚਲਾਕੀਆਂ ਦਾ ਪ੍ਰਯੋਗ ਕਰਨਾ ਆ ਜਾਂਦਾ ਹੈ ਪਰ ਜਦ ਗੁਰੂ ਦੀ ਕੋਈ ਗੱਲ ਸਾਹਮਣੇ ਆਉਂਦੀ ਹੈ ਤਾਂ ਅਸੀਂ ਘੇਸ ਮਾਰ ਜਾਂਦੇ ਹਾਂ, ਮਕਰੇ ਹੋ ਜਾਂਦੇ ਹਾਂ। ਅਜਿਹਾ ਵਿਹਾਰ ਅਪਣਾ ਕੇ ਅਸੀਂ ਕਿਵੇਂ ਗੁਰੂ ਦੇ ਫਰਜ਼ੰਦ ਅਖਵਾ ਸਕਾਂਗੇ। ਗੁਰੂ ਨੇ ਸਾਡੇ ਨਾਲ ਆਪਣੀ ਰਿਸ਼ਤੇਦਾਰੀ ਨਹੀਂ ਦੇਖਣੀ, ਉਸ ਨੇ ਤਾਂ ਉਨ੍ਹਾਂ ਅਸੂਲਾਂ ਤੇ ਸਾਡਾ ਲੇਖਾ-ਜੋਖਾ ਕਰਨਾ ਹੈ ਜੋ ਉਸ ਨੇ ਬਖਸ਼ਸ਼ ਰੂਪ ਵਿੱਚ ਸਾਨੂੰ ਪਰਦਾਨ ਕੀਤੇ ਹਨ। ਸਾਨੂੰ ਇਹ ਗੱਲ ਜ਼ਰੂਰ ਯਾਦ ਰੱਖਣੀ ਚਾਹੀਦੀ ਹੈ ਕਿ ਲਿਹਾਜ਼ ਤਾਂ ਗੁਰੂ ਨੇ ਆਪਣੇ ਸਕੇ ਪੁਤਰਾਂ ਦਾ ਵੀ ਨਹੀਂ ਸੀ ਕੀਤਾ ਅਤੇ ਜਦ ਸੇਵਾਦਾਰੀ ਕਰਕੇ ਅਤੇ ਬੇਮਿਸਾਲ ਵਫ਼ਾਦਾਰੀ ਦਿਖਾ ਕੇ ਗੁਰਗਦੀ, ਸੇਵਕ ਲਹਿਣਾ ਲੈ ਗਿਆ ਤਾਂ ਫਿਰ ਉਹ ਰੱਬ ਮਲਦੇ ਰਹੇ। ਮਿਤਰੋ ਅਮਲਾਂ ਤੇ ਹੀ ਨਬੇੜੇ ਹੋਣੇ ਹਨ, ਸੁਕੀਆਂ ਫ਼ੜਾਂਹ ਮਾਰਨ ਨਾਲ ਜ਼ਿੰਦਗੀ ਦੀ ਦੌੜ ਵਿੱਚ ਸਫਲਤਾ ਪ੍ਰਾਪਤ ਕਰਨੀ ਮੁਸ਼ਕਲ ਹੈ, ਸਗੋਂ ਅਸੰਭਵ ਹੈ। ਖਿਆਲ ਰੱਖਣਾ, ਇਤਨਾ ਲਾਮਿਸਾਲ ਵਿਰਸਾ ਹਾਸਲ ਕਰਨ ਦੇ ਬਾਵਜੂਦ ਵੀ ਲੋਕੀ ਸਾਡੇ ਚਲਨ ਤੇ ਚਰਿਤਰ ਨੂੰ ਦੇਖਦੇ ਹੋਏ ਇਹ ਨਾ ਕਹਿੰਦੇ ਫਿਰਨ ਕਿ :

**ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥**
**ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥**

**ਸਿਰੀਰਾਗੁ ਕੀ ਵਾਰ (ਮਃ ੧) ਗੁਰੂ ਗ੍ਰੰਥ ਸਾਹਿਬ - ਅੰਗ ੮੫**

ਸਮੁੱਚੇ ਹਾਲਾਤਾਂ ਨੂੰ ਦੇਖਦਿਆਂ ਹੋਇਆਂ ਸਾਨੂੰ ਸਤਿਗੁਰੂ ਜੀ ਦਾ ਦਿਲੋਂ ਅਭਿਨੰਦਨ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਸਾਨੂੰ ਵਧੀਆ ਇਨਸਾਨ ਬਣਾ ਦੇ ਉਚੇਰੇ ਆਤਮਕ ਤੇ ਸਦਾਚਾਰਕ ਜੀਵਨ ਜੀਣ ਦੀ ਉੱਤਮ ਜਾਚ - ਬਖਸ਼ੀ ਹੈ।

**ਧੰਨਵਾਦ ਸਾਹਿਤ ਵਿਚੋਂ :- ਧਨੁ ਨਾਨਕ ਤੇਰੀ ਵਡੀ ਕਮਾਈ**

## ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥

ਜਪੁ ਜੀ ਸਾਹਿਬ ਦੀ ਬਾਣੀ ਹਰ ਗੁਰਸਿੱਖ ਨਿਤਾ ਪ੍ਰਤੀ ਪੜ੍ਹਦਾ ਹੈ । ਇਹ ਬਾਣੀ ਨਿਤਨੇਮ ਦੀਆਂ ਬਾਣੀਆਂ ਵਿੱਚ ਪ੍ਰਥਮ ਬਾਣੀ ਹੈ । ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਰੰਭਤਾ ਤੇ ਸੁਭਾਇਮਾਨ ਹੈ ।

ਅਸਲ ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜਪੁ ਬਾਣੀ ਦਾ ਬਿਸਥਾਰ ਹੈ । ਇਸ ਬਾਣੀ ਵਿੱਚ ਮਨੁੱਖ ਨੂੰ ਸਚਿਆਰ ਬਣਨ ਦੀ ਪ੍ਰੇਰਨਾ ਦਿੱਤੀ ਗਈ ਹੈ ਤਾਂ ਜੋ ਇਹ ਮਨੁੱਖ ਜੀਵਨ ਦੇ ਮਨੋਰਥ "**ਭਈ ਪਰਾਪਤਿ ਮਾਨੁਖ ਦੇਹੁਰੀਆ ॥ ਸੋਪੁਰਖੁ ਆਸਾ (ਮਃ ੫) - ਅੰਗ ੧੨** ਨੂੰ ਪ੍ਰਾਪਤ ਕਰ ਸਕੇ ਅਤੇ ਉਸ ਵਾਹਿਗੁਰੂ ਜੀ ਦੀ ਜੋਤਿ ਵਿੱਚ ਲੀਨ ਹੋ ਅਪਣਾ ਜਨਮ ਸਫਲ ਕਰ ਸਕੇ ।

ਜਪੁ ਬਾਣੀ ਦੀ ੧੯ਵੀ ਪਉੜੀ ਵਿੱਚ ਗੁਰੂ ਪਾਤਸ਼ਾਹ ਉਸ ਅਕਾਲ ਪੁਰਖ ਦੀ ਵਡਿਆਈ ਦੀ ਗਲ ਕਰਦੇ ਹਨ ਅਤੇ ਇਹ ਸਪਸ਼ਟ ਰੂਪ ਵਿੱਚ ਸਾਨੂ ਦ੍ਰਿੜ੍ਹ ਕਰਵਾਉਂਦੇ ਹਨ ਕਿ "ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥" **ਅਰਥਾਤ ਹੈ** ਪ੍ਰਭੂ ਆਪ ਜੀ ਨੇ ਜੋ ਕੁਝ ਵੀ ਬਣਾਇਆ (ਕੀਤਾ ਹੈ) ਉਹ ਸਭ ਆਪ ਜੀ ਦੀ ਵਡਿਆਈ ਦਾ ਪਸਾਰਾ ਹੈ ਅਤੇ ਆਪ ਦੀ ਇਹ ਵਡਿਆਈ ਹੈ ਨਾਮ ਤੋਂ ਬਿਨਾਂ ਸੰਸਾਰ ਵਿੱਚ ਕੁਝ ਵੀ ਨਹੀਂ ਹੈ । ਆਪ ਜੀ ਦੀ ਜੋਤਿ ਜੱਦ ਤੱਕ ਹੈ ਤਦੋਂ ਤੱਕ ਸੰਸਾਰ ਦੀ ਹਰ ਵਸਤੂ ਵਿੱਚ ਹਰਕਤ ਹੈ । ਆਪ ਦੀ ਜੋਤਿ ਇੱਕ ਉਹ Current ਹੈ ਜਿਸ ਰਾਹੀ ਸੰਸਾਰ ਦਾ ਸਾਰਾ ਪਸਾਰਾ ਚਲ ਰਿਹਾ ਹੈ ।ਅਰਥਾਤ ਜੋ ਕੁਝ ਵੀ ਦ੍ਰਿਸ਼ਟਮਾਨ/ਅਕਦ੍ਰਿਸ਼ਵ ਵੀ ਹੈ ਉਹ ਸਭ ਕੁਝ ਆਪ ਦਾ ਹੀ ਬਣਾਇਆ ਹੈ ਅਤੇ ਆਪ ਦੀ ਸਤਾ (Current) ਨਾਲ ਉਸ ਵਿੱਚ ਸਤਿਆ ਹੈ । ਕੁਝ ਕਰਨ ਦੀ ਸਮਰਥਾ ਹੈ ।

ਇਸ ਵੀਚਾਰ ਨੂੰ ਜਪੁ ਸਾਹਿਬ ਜੀ ਦੀ ਦੂਸਰੀ ਪਉੜੀ ਵਿੱਚ ਹੁਕਮ ਦੇ ਰੂਪ ਵਿੱਚ ਬਿਆਨਿਆ ਹੈ ।

**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥**
**ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥**
**ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥**
**ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥**
**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥**
**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥**

**ਜਪੁ (ਮਃ ੧) ਗੁਰੂ ਗ੍ਰੰਥ ਸਾਹਿਬ - ਅੰਗ ੧**

ਇਓਂ ਸਮਝੀਏ ਕਿ ਜੋ ਕੁਝ ਵੀ ਹਰਕਤ ਵਿੱਚ ਹੈ ਉਹ ਵਾਹਿਗੁਰੂ ਨਾਮ (ਹੁਕਮ) ਦੀ ਹੀ ਪ੍ਰਗਟਾਵਾ ਹੈ । ਉਸ ਵਾਹਿਗੁਰੂ ਦੇ ਹੁਕਮ ਨੂੰ ਕੋਈ ਵੀ ਸਮਝ ਸਕਦਾ ਕਿਉਂਕਿ ਉਹ ਬਿਅੰਤ ਹੈ, ਉਸ ਦਾ ਕੀਤਾ ਉਸ ਦੀ ਕਿਰਤ ਵੀ ਬਿਅੰਤ ਹੈ । ਪ੍ਰਭੂ ਦੀ ਬਿਅੰਤਤਾ ਦਾ ਪਾਰਾਵਾਰ ਪਾਣ ਵਾਲੇ ਅਪਣੇ ਯਤਨ ਵਿੱਚ ਥੱਕ ਗਏ ਪਰ ਉਸ ਦਾ ਅੰਤ ਨ ਪਾ ਸਕੇ ਜਪੁ ਸਾਹਿਬ ਦੀ ਪਉੜੀ ੨੫ ਵਿੱਚ ਅੰਤ ਪਾਉਣ ਵਾਲਿਆਂ ਦੇ ਯਤਨਾਂ ਦਾ ਜ਼ਿਕਰ ਕਰਦਿਆਂ ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਹਨ ਕਿ

**ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥**
**ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥**
**ਜਪੁ (ਮਃ ੧) – ਅੰਗ ੫**

ਅਰਥਾਤ ਵਾਹਿਗੁਰੂ ਜੀ ਦੀ ਮਨੁੱਖ ਅਪਣੀ ਬੁੱਧੀ ਦੀ ਜਿਤਨੀ ਵੀ ਦੌੜ ਲਗਾ ਕੇ ਬਿਆਨ ਕਰਨਾ ਚਾਹੇ ਉਹ ਥੋੜਾ ਹੋ ਜਾਂਦਾ ਹੈ ਅਤੇ ਵਾਹਿਗੁਰੂ ਵਡਿਆਈ ਉਤਨੀ ਹੋਰ ਵਡੀ ਹੋ ਜਾਂਦੀ ਹੈ । ਉਸ ਦੀ ਸਮਰਥਾ ਹੈ ਛਿਨ ਭਰ ਵਿੱਚ ਹੀ ਸ੍ਰਿਸ਼ਟੀ ਨੂੰ ਪੈਦਾ ਕਰ ਸਕਦਾ ਅਤੇ ਛਿਨ ਭਰ ਵਿੱਚ ਹੀ ਪਰਲੋ ਵੀ ਕਰ ਸਕਦਾ ਹੈ ਅਤੇ ਇਹ ਸਾਰਾ ਕੁਝ ਉਸ ਪ੍ਰਭੂ ਦੇ ਸ਼ਬਦ ਰਾਹੀ/ਹੁਕਮਿ ਰਾਹੀ ਹੁੰਦਾ ਹੈ ।

ਫੁਰਮਾਨ –

**ਉਤਪਤਿ ਪਰਲਉ ਸਬਦੇ ਹੋਵੈ ॥**
**ਸਬਦੇ ਹੀ ਫਿਰਿ ਓਪਤਿ ਹੋਵੈ ॥ – ਮਾਝ (ਮਃ ੩) – ਅੰਗ ੧੧੭**

ਅਰਥਾਤ ਸ਼ਬਦ/ਹੁਕਮ/ਨਾਮੁ ਤਿਨੋ ਸ਼ਬਦ ਇਸ ਗਲ ਨੂੰ ਦ੍ਰਿੜ ਕਰਵਾਉਂਦੇ ਹਨ ਕਿ ਜੋ ਕੁਝ ਵੀ ਪ੍ਰਭੂ ਦੀ ਕਿਰਤ ਹੈ ਉਹ ਸਭ ਕੁਝ ਵਾਹਿਗੁਰੂ ਜੀ ਵਡਿਆਈ/ਨਾਮ ਅਤੇ ਪਸਾਰਾ ਹੈ । ਇਸ ਵਾਸਤੇ ਉਸ ਦੀ ਬਣਾਈ ਇਸ ਕੁਦਰਤਿ ਵਿੱਚੋਂ ਉਸਨੂੰ ਵੇਖਣਾ ਮਨੁੱਖ ਦਾ ਉਦੇਸ਼ ਹੈ

ਫੁਰਮਾਨ ਹੈ

**ਕੁਦਰਤਿ ਕਰਿ ਕੈ ਵਸਿਆ ਸੋਇ ॥ ਵਖਤੁ ਵੀਚਾਰੇ ਸੁ ਬੰਦਾ ਹੋਇ ॥**
**ਕੁਦਰਤਿ ਹੈ ਕੀਮਤਿ ਨਹੀ ਪਾਇ ॥ ਜਾ ਕੀਮਤਿ ਪਾਇ ਤ ਕਹੀ ਨ ਜਾਇ ॥**
**ਸਿਰੀਰਾਗੁ ਕੀ ਵਾਰ (ਮਃ ੪) – ਅੰਗ ੮੪**

ਇੱਕ ਥਾਂ ਹੋਰਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਹਨ –

**ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ॥**
**– ਆਸਾ ਕੀ ਵਾਰ (ਮਃ ੧) – ਅੰਗ ੪੬੯**

ਹੇ ਵਾਹਿਗੁਰੂ ਜੀ ਆਪ ਜੀ ਅਪਣੀ ਕੀਤੀ ਕੁਦਰਤਿ ਵਿੱਚ ਵਸੇ ਹੋਏ ਹੋ ਮੈਂ ਆਪ ਤੋਂ ਬਲਿਹਾਰ ਜਾਦਾਂ ਹਾਂ ਵਾਰਨੇ ਜਾਦਾਂ ਹਾਂ ।ਆਪ ਜੀ ਦੀ ਕੀਤੀ ਕੁਦਰਤਿ ਅੰਤ ਨਹੀਂ ਪਾਇਆ ਜਾ ਸਕਦਾ ।

ਜਦ ਸਭ ਕੁਝ ਹੀ ਪ੍ਰਭੂ ਦੀ ਹੋਂਦ ਦਾ ਪ੍ਰਗਟਾਵਾ ਹੈ ਅਤੇ ਅਸੀਂ ਸਾਰੇ ਹੀ ਪ੍ਰਭੂ ਪ੍ਰਮਾਤਮਾ ਦੀ ਹੋਂਦ ਦਾ ਇੱਕ ਅੰਸ਼ ਹਾਂ ਤਾਂ ਫਿਰ ਸਭ ਕੁਝ ਉਹੀ ਹੈ ਅਸੀ ਕੁਝ ਵੀ ਨਹੀਂ । ਅੱਜ ਗੁਰੂ ਨਾਨਕ ਪਾਤਸ਼ਾਹ ਦੇ 550ਵੇਂ ਪ੍ਰਕਾਸ਼ ਨੂੰ ਪੁਰਬ ਨੂੰ ਮਨਾਉਂਦਿਆਂ ਜੇ ਇਹ ਗਲ ਦ੍ਰਿੜ ਹੋ ਜਾਵੇ ਤਾਂ ਸਾਡੇ ਸਾਰੇ ਵਿਤਕਰੇ, ਮਤ ਭੇਦ, ਊਚ ਨੀਚ ਦੀ ਫਰਕ ਅਤੇ ਹੋਰ ਵਖਰੇਵੇ ਦੇ ਭੇਦ ਮੁੱਕ ਜਾਣਗੇ ਤੇ ਸਾਨੂੰ ਸਾਰੇ ਪ੍ਰਭੂ ਦਾ ਰੂਪ ਦਿਸਨ ਲਗ ਜਾਣਗੇ ਜਿਸ ਨਾਲ ਅਸੀ ਸਾਰੇ ਹੀ ਪ੍ਰੇਮ ਦੇ ਸਾਗਰ ਵਿੱਚ  ਡੁੱਬ ਸਕਾਂਗੇ । ਇਹੀ ਹੈ ਗੁਰੂ ਦਾ ਗੁਰਪੁਰਬ ਅਤੇ ਗੁਰੂ ਨੂੰ ਮਨਾਉਣ ਦਾ ਸਹੀ ਤਰੀਕਾ । ਗੁਰੂ ਸਭ ਨੂੰ ਚੜਦੀ ਕਲਾ ਅਤੇ ਪ੍ਰੇਮ ਪਿਆਰ ਬਖਸ਼ਿਸ਼ ਕਰੇ ।

ਵਾਹਿਗੁਰੂ ਜੀ ਕਾ ਖਾਲਸਾ,

ਵਾਹਿਗੁਰੂ ਜੀ ਕੀ ਫਤਹਿ ॥

# ਬਾਬਾ ਕੱਥਾ ਸਿੰਘ

ਪ੍ਰੋ ਇੰਦਰਜੀਤ ਸਿੰਘ ਗੋਗੋਆਣੀ

**(ਬਾਬਾ ਕੱਥਾ ਸਿੰਘ ਆਪਣੇ ਘਰ ਵਿੱਚ ਬੈਠਾ ਹੈ । ਬਾਹਰੋਂ ਦੋ ਗੁਰਸਿੱਖ ਨੌਜਵਾਨ ਆਉਂਦੇ ਹਨ)**

**ਬਾਬਾ ਜੀ ! ਵਾਹਿਗੁਰੂ ਜੀ ਕਾ ਖ਼ਾਲਸਾ,     ਵਾਹਿਗੁਰੂ ਜੀ ਕੀ ਫ਼ਤਹਿ ॥**

**(ਫ਼ਤਹਿ ਦਾ ਜਵਾਬ ਦੇ ਕੇ)**

ਬਾਬਾ :- ਆਓ ਬਈ ਗੁਰਮੁਖੋ ! ਕਿਸ ਤਰ੍ਹਾਂ ਆਉਣਾ ਹੋਇਆ ?

ਪਹਿਲਾ :- ਬਾਬਾ ਜੀ ! ਅਸੀਂ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੇ ਆਪਣੇ ਪਿੰਡ ਆਪ ਜੀ ਨੂੰ ਬੁਲਾਉਣਾ ਚਾਹੁੰਦੇ ਹਾਂ ।

ਬਾਬਾ :- ਦੇਖੋ ਬਈ ਗੁਰੂ ਪਿਆਰਿਓ ! ਆ ਤਾਂ ਮੈਂ ਜਾਵਾਂਗਾ, ਪਰ ਕਈ ਵਾਰੀ ਸੰਗਤ ਸੱਚੀਆਂ ਗੱਲਾਂ ਤੋਂ ਜ਼ਰਾ ਪਾਸਾ ਵੱਟਦੀ ਹੈ ।

ਦੂਜਾ :- ਉਹ ਕਿਉਂ ਬਾਬਾ ਜੀ ?

ਬਾਬਾ :- ਹਰ ਇਨਸਾਨ ਸੱਚ ਨਹੀਂ ਸੁਣ ਸਕਦਾ ਤੇ ਖਾਸ ਕਰਕੇ ਗੁਰੂ ਨਾਨਕ ਦੇਵ ਜੀ ਦੇ ਦੱਸੇ ਮਾਰਗ ਤੋਂ ਭਟਕਿਆ ਸਿੱਖ । ਮੈਂ ਆਂ ਗੁਰੂ ਘਰ ਦਾ ਪ੍ਰਚਾਰਕ ਤੇ ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਦੱਸਣੀਆਂ ਤਾਂ ਮੇਰਾ ਧਰਮ ਹੈ ਨਾ ?

ਪਹਿਲਾ :- ਹਾਂ ਜੀ ! ਅਸੀਂ ਵੀ ਤੁਹਾਡੀ ਨਿਸ਼ਕਾਮ ਸੇਵਾ ਅਤੇ ਸੱਚੀਆਂ-ਸੁੱਚੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਹੀ ਬੇਨਤੀ ਕਰਨ ਆਏ ਹਾਂ ।

ਬਾਬਾ :- ਮੈਂ ਤੁਹਾਡੀਆਂ ਭਾਵਨਾਵਾਂ ਤੇ ਖਿਆਲਾਂ ਦਾ ਸਤਿਕਾਰ ਕਰਦਾ ਹਾਂ। ਪਹਿਲੀ ਗੱਲ ਕਿ ਸਾਡਾ ਸਮਾਜ 'ਸ਼ਰਾਬ' ਵਰਗੇ ਭੈੜੇ ਨਸ਼ੇ ਦਾ ਆਦੀ ਹੋ ਚੁੱਕਾ ਹੈ, ਜਿਸ ਨਾਲ ਸਰੀਰਕ ਰੋਗ, ਮਾਨਸਿਕ ਰੋਗ, ਲੜਾਈਆਂ, ਐਕਸੀਡੈਂਟ, ਪਰਿਵਾਰਕ ਕਲੇਸ਼ ਤੇ ਧਨ ਦਾ ਨੁਕਸਾਨ ਵੱਖਰਾ। ਇੱਥੇ ਗੁਰੂ ਜੀ ਦੀ ਸਿੱਖਿਆ ਤਾਂ ਇਹ ਹੈ ਕਿ : **ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥**

**ਬਿਹਾਗੜੇ ਕੀ ਵਾਰ (ਮਃ ੧ ਪਨਾ ਪਪ੩)** ਹੁਣ ਦੱਸੋ ਇਹ ਗੱਲਾਂ ਵਿਸਤਾਰ ਸਹਿਤ ਕਹਾਂ ਕਿ ਨਾ ਕਹਾਂ ?

ਦੋਵੇਂ :- (ਇੱਕ ਅਵਾਜ਼ ਵਿੱਚ) ਇਹ ਤਾਂ ਕਰਨੀ ਚਾਹੀਦੀ ਹੈ।

ਬਾਬਾ :- ਸਭ ਤੋਂ ਵੱਡੀ ਗੱਲ ਗੁਰੂ ਜੀ ਨੇ ਇੱਕ ਪ੍ਰਮੇਸ਼ਰ ਨੂੰ ਸਭ ਕੁਝ ਕਰਨ-ਕਰਾਵਨਹਾਰ ਮੰਨਿਆ ਹੈ ਅਤੇ ਕਲਪਿਤ ਦੇਵਤਿਆਂ ਤੇ ਅਵਤਾਰਾਂ ਦੀ ਪੂਜਾ ਦੀ ਮਨਾਹੀ ਕੀਤੀ ਹੈ। ਫੁਰਮਾਣ ਹੈ :

**ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥**
**ਆਸਾ (ਮਃ ੧) - ਅੰਗ ੩੫੦**

ਤੇ ਨਾਲ ਇਹ ਵੀ ਫ਼ੁਰਮਾਇਆ ਹੈ :

**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥**
**ਆਸਾ ਕੀ ਵਾਰ (ਮਃ ੧) - ਅੰਗ ੪੭੦**

ਹੁਣ ਕਈ ਸਿੱਖ ਪਰਿਵਾਰ ਤਾਂ ਮੜੀਆਂ-ਮਸਾਣਾਂ, ਭੂਤਾਂ-ਪ੍ਰੇਤਾਂ, ਟੂਣਿਆਂ-ਟਾਮਣਾਂ, ਅਤੇ ਹੋਰ ਕਈ ਦੇਹਧਾਰੀ ਪਾਖੰਡੀਆਂ ਦੇ ਚੁੰਗਲ ਜਾਲ ਵਿੱਚ ਫਸੇ ਹੋਏ ਹਨ।

ਦੂਜਾ:- (ਵਿੱਚੋਂ ਗੱਲ ਕਰਦਾ ਹੋਇਆ) ਬਾਬਾ ਜੀ ! ਸਾਡਾ ਤਾਂ ਅੱਧਾ ਪਿੰਡ ਨਾਮ ਦਾਨ ਵਾਲਿਆਂ ਦੇ ਡੇਰਿਆਂ ਤੇ ਜਾ ਫਸਿਆ ਤੇ ਫੋਟੋਆਂ ਨੂੰ ਧੂਫ ਧੁਖਾਉਂਦਾ।

ਬਾਬਾ :- ਵੇਖਿਆ ! ਮੇਰੀ ਗੱਲ ਚੋਂ ਹੋਰ ਗੱਲ ਨਿਕਲ ਆਈ ਨਾਂ ! ਕਈ ਭੋਲੇ ਭਾਲੇ ਸਿੱਖ ਗੁਰੂ ਨਾਨਕ ਜੀ ਦਾ ਉਪਦੇਸ਼

**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਰਾਮਕਲੀ ਗੋਸਟਿ (ਮਃ ੧) - ਅੰਗ ੯੪੩** ਦਾ ਸਿਧਾਂਤ ਛੱਡ ਕੇ ਦੇਹਧਾਰੀ ਮਨੁੱਖਾਂ ਪਿੱਛੇ ਲੱਗ ਗਏ ਹਨ। ਗੁਰੂ ਸਾਹਿਬ ਤਾਂ ਫੁਰਮਾਉਂਦੇ ਹਨ ਕਿ ਬਾਣੀ ਜਾਂ ਸ਼ਬਦ ਹੀ ਗੁਰੂ ਹੈ : **ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥ ਸੋਰਠਿ (ਮਃ ੧) - ਅੰਗ ੬੩੫** ਹੁਣ ਸੋਚੋ ਕੰਨਾਂ ਚ ਨਾਮ ਦਾਨ ਦੀਆਂ ਫੂਕਾਂ ਮਰਾਉਣੀਆਂ ਤੇ ਫੋਟੋਆਂ ਨੂੰ ਧੂਫਾਂ ਧੁਖਾਉਣੀਆਂ ਗੁਰੂ ਨਾਨਕ ਦਾ ਦੱਸਿਆ ਮਾਰਗ ਨਹੀਂ ਹੈ; ਇਹ ਤਾਂ ਮਨਮੁਖਾਂ ਦਾ ਰਾਹ ਹੈ।

ਪਹਿਲਾ :- ਸਾਡੇ ਪਿੰਡ ਦੇ ਕਈ ਮੰਨਦੇਨਹੀਂ, ਕਹਿੰਦੇ 'ਸਤਿਸੰਗ' ਹੀ ਕਰਦੇ ਹਾਂ, ਗੁਨਾਹ ਤਾਂ ਨਹੀਂ ਕਰਦੇ !

ਬਾਬਾ:- ਪਹਿਲੀ ਗੱਲ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਅਨੁਸਾਰ ਸਤਿਸੰਗ ਜਾਂ ਸਤਿਸੰਗਤ ਕੀ ਹੈ ? ਸਵਾਲ ਹੈ - ਸਤਸੰਗਤਿ ਕੈਸੀ ਜਾਣੀਐ ? ਇਸ ਦੇ ਨਾਲ ਹੀ ਉੱਤਰ ਹੈ- **ਜਿਥੈ ਏਕੋ ਨਾਮੁ ਵਖਾਣੀਐ ॥ਸਿਰੀਰਾਗੁ (ਮ: ੧) - ਅੰਗ ੭੨** ਹੁਣ ਢੋਲ ਵਜਾ ਕੇ ਚੌਂਕੀਆਂ ਲਾਉਣ ਵਾਲੇ, ਡੋਲੌਆਂ ਖਿਡਾਉਣ ਵਾਲੇ ਕਹਿਣਗੇ ਕਿ ਸਾਡਾ ਵੀ ਸਤਿਸੰਗ ਹੈ ।

ਧਾਗੇ ਤਵੀਤ ਦੇਣ ਵਾਲੇ ਤੇ ਮੜ੍ਹੀਆਂ ਤੇ ਗਾਉਣ ਵਾਲਿਆਂ ਦੇ ਅਖਾੜੇ ਲਾਉਣ ਵਾਲੇ ਕਹਿਣ ਕਿ ਸਾਡਾ ਵੀ ਸਤਿਸੰਗ ਹੈ । ਇੱਕ ਪਰਮਾਤਮਾਂ ਦੀ ਵਿਚਾਰਧਾਰਾ ਤੋਂ ਤੋੜ ਕੇ ਸਰੀਰਾਂ ਦੀ ਪੂਜਾ ਕਰਾਉਣ ਵਾਲੇ ਕਹਿਣ ਕਿ ਸਾਡਾ ਵੀ ਸਤਿਸੰਗ ਹੈ, ਤਾਂ ਵੀਚਾਰਨਾ ਪਵੇਗਾ ਕਿ ਸਤਿਸੰਗ ਕਿਸ ਨੂੰ ਕਹਿਏ ? ਸਾਨੂੰ ਸਿੱਖਾਂ ਨੂੰ ਤਾਂ ਗੁਰੂ ਪਾਤਸ਼ਾਹ ਦਾ ਉਪਦੇਸ਼ ਹੀ ਮੰਨਣਾ ਚਾਹੀਦਾ ਹੈ ।

ਗੁਰੂ ਸਾਹਿਬਾਂ ਨੇ ਸ਼ੈਤਾਨ ਜਾਂ ਅਗਿਆਨੀਆਂ ਦੀ ਸੰਗਤ ਨਹੀਂ ਸਗੋਂ ਭਲੇ ਪੁਰਸ਼ਾਂ ਦੀ ਸੰਗਤ ਕਰਨ ਦੀ ਪ੍ਰੇਰਨਾ ਕੀਤੀ ਹੈ :

**ਊਤਮ ਸੰਗਤਿ ਊਤਮੁ ਹੋਵੈ ॥ ਗੁਣ ਕਉ ਧਾਵੈ ਅਵਗਣ ਧੋਵੈ ॥ ॥੭॥**

**- ਆਸਾ (ਮ: ੧) - ਅੰਗ ੪੧੪**

ਇਸ ਦੇ ਨਾਲ ਹੀ ਸਿੱਖਾਂ ਨੂੰ ਸੁਚੇਤ ਵੀ ਕੀਤਾ ਹੈ ।

ਦੋਂਵੇਂ :- (ਇੱਕ ਅਵਾਜ਼ ਵਿੱਚ) ਉਹ ਕਿਵੇਂ ?

ਬਾਬਾ :- ਉਪਦੇਸ਼ ਹੈ ਕਿ ਹਰ ਮਨੁੱਖ ਮੱਤ-ਬੁਧੀ ਅਤੇ ਖਿਆਲਾਂ ਪੱਖੋਂ ਉਚਾ ਹੋਵੇ ਤੇ ਹਰ ਕੰਮ ਕਰਨ ਲਈ ਅਕਲ ਜਾਂ ਵੀਚਾਰ ਜ਼ਰੂਰੀ ਹੈ । ਫੁਰਮਾਣ ਹੈ :

**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥**
**ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ -**
**ਸਾਰੰਗ ਕੀ ਵਾਰ (ਮ: ੧) - ਅੰਗ ੧੨੪੫**

ਹੁਣ ਸਿੱਖ ਪੰਥ ਲਈ ਵੀਚਾਰਨ ਵਾਲੀ ਵੱਡੀ ਗੱਲ ਇਹ ਵੀ ਹੈ ਕਿ 'ਸਿੱਖ ਰਹਿਤ ਮਰਯਾਦਾ' ਵਿੱਚ ਸਿੱਖ ਦੀ ਤਾਰੀਫ ਕੀ ਦੱਸੀ ਹੋਈ ਹੈ ?

ਦੋਂਵੇਂ :- ਤੁਸੀਂ ਹੀ ਦੱਸੋ ਬਾਬਾ ਜੀ !

ਬਾਬਾ :- 'ਜੋ ਇਸਤਰੀ ਜਾਂ ਪੁਰਸ਼ ਇੱਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ) ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ ।

ਪਹਿਲਾ :- (ਭਾਵੁਕ ਹੋ ਕੇ) ਬਾਬਾ ਜੀ ! ਸਾਡੇ ਪਿੰਡ ਦਾ ਤਾਂ ਮੰਦਾ ਹਾਲ ਹੈ । ਇੱਕ ਤਾਂ ਜਟਾਵਾਂ ਜਿਹੀਆਂ ਵਾਲਾ ਬਾਬਾ ਵੀਰਵਾਰ ਢੋਲ ਖੜਕਾਉਂਦਾ ਤੇ ਪੁੱਛਾਂ ਜਿਹੀਆਂ ਦਿੰਦਾ । ਇੱਕ ਦੂਜੀ ਪੱਤੀ ਵਾਲੇ ਮੜ੍ਹੀਆਂ ਪੂਜਣ ਜਾਂਦੇ ਆ । ਇੱਕ ਲਾਗਲੇ ਪਿੰਡ ਮਾਈ ਕਹਿੰਦੀ ਕਿ ਮੇਰੇ ਚ ਪੌਣ ਆਉਂਦੀ ਆ ਕਈ ਸਿੱਖ ਪਰਿਵਾਰ ਵੀ ਉੱਥੇ ਚੌਂਕੀ ਭਰਦੇ ਹਨ ।

ਬਾਬਾ :- ਗੁਰਮੁਖੋ ! ਇਹੋ ਜਿਹੇ ਭੇਖਧਾਰੀਆਂ ਤੇ ਪਖੰਡੀਆਂ ਦਾ ਗੁਰੂ ਨਾਨਕ ਪਾਤਸ਼ਾਹ ਨੇ ਖੰਡਨ ਕੀਤਾ ਹੈ । ਗੁਰੂ ਜੀ ਨੇ ਤਾਂ ਤੀਰਥ ਇਸ਼ਨਾਨ, ਵਰਤ, ਸੂਤਕ-ਪਾਤਕ, ਜਨੇਊ, ਸਰਾਧ, ਖਾਣ-ਪੀਣ ਦੇ ਭਰਮ-ਭੇਦ, ਦਿਨਾਂ-ਦਿਹਾਰਾਂ, ਮਹੂਰਤਾਂ ਦੀ ਵੀਚਾਰ, ਜਾਤ-ਪਾਤ, ਬੁੱਤ-ਪੂਜਾ ਤੇ ਹੋਰ ਅਨੇਕ ਤਰ੍ਹਾਂ ਦੇ ਕਰਮ-ਕਾਂਡਾਂ ਤੇ ਫੋਕੀਆਂ ਰਸਮਾਂ ਨੂੰ ਪਾਖੰਡ ਕਰਮ ਦੱਸਿਆ ਹੈ । ਜੇ ਕਰ ਕੋਈ ਸਿੱਖ ਹੋ ਕੇ ਵੀ ਇਹਨਾਂ ਤੇ ਵਿਸ਼ਵਾਸ ਕਰਦਾ ਹੈ ਤਾਂ ਉਸ ਨੂੰ ਭਰਮ ਤਿਆਗ ਦੇਣਾ ਚਾਹੀਦਾ ਹੈ । ਗੁਰੂ ਜੀ ਸਿੱਖਿਆ ਦੇ ਰਹੇ ਹਨ :

**ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ ॥**
**ਸੋਰਠਿ (ਮਃ ੧) – ਅੰਗ ੬੩੪**

ਇਸੇ ਤਰ੍ਹਾਂ ਜਿਹੜੇ ਮਨੁੱਖ ਪਰਮਾਤਮਾ ਦਾ ਨਾਮ ਤਵੀਤ ਅਤੇ ਜੰਤਰਾਂ ਅਦਿ ਦੀ ਸ਼ਕਲ ਵਿੱਚ ਵੇਚਦੇ ਹਨ, ਉਹਨਾਂ ਦਾ ਜਿਊਣਾ ਫਿਟਕਾਰ ਯੋਗ ਹੈ । ਜੋ ਆਪ ਹੀ ਸਹੀ ਰਾਹ ਤੋਂ ਖੁੰਝੇ ਹੋਏ ਹਨ, ਉਹ ਦੂਜਿਆਂ ਦਾ ਭਲਾ ਕਿਵੇਂ ਕਰਨਗੇ ?

**ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ ॥**
**ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥ –**
**ਸਾਰੰਗ ਕੀ ਵਾਰ (ਮਃ ੧) – ਅੰਗ ੧੨੪੫**

ਇਸੇ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਸੂਹੀ ਰਾਗ ਵਿੱਚ ਫੁਰਮਾਉਂਦੇ ਹਨ :

**ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥**
**ਸੂਹੀ (ਮਃ ੧) – ਅੰਗ ੭੬੬**

ਜਿਨ੍ਹਾਂ ਨੇ ਪ੍ਰਭੂ ਦਾ ਨਾਮ ਹਿਰਦੇ ਵਿੱਚ ਵਸਾ ਲਿਆ, ਉਹਨਾਂ ਲਈ ਤੰਤਰ-ਮੰਤਰ ਸਭ ਪਾਖੰਡ ਹਨ ।

ਦੂਜਾ :- ਪਰ ਸਾਡੇ ਪਿੰਡ ਤਾਂ ਅਜੇ ਵੀ ਕਈ ਸਿੱਖ ਪਰਿਵਾਰ ਸਰਾਧ ਖਵਾਉਂਦੇ ਹਨ । ਸੂਤਕ-ਪਾਤਕ ਵੀ ਮੰਨਦੇ ਹਨ, ਦਿਨਾਂ-ਦਿਹਾਰਾਂ ਦੀ ਵੀਚਾਰ ਵੀ ਕਰਦੇ ਹਨ ਤੇ ਇਹ ਵੀ ਦਾਅਵੇ ਨਾਲ ਕਹਿੰਦੇ ਹਨ ਕਿ ਅਸੀਂ ਸਿੱਖ ਹਾਂ !

ਬਾਬਾ :- ਜਦੋਂ ਗੁਰੂ ਨਾਨਕ ਦੇਵ ਜੀ ਸੱਚ ਦਾ ਪ੍ਰਚਾਰ ਕਰਦੇ ਕਰਦੇ ਮੱਕੇ ਗਏ, ਤਾਂ ਕਾਜ਼ੀ ਰੁਕਨਦੀਨ ਨੇ ਸਵਾਲ ਕੀਤਾ ਕਿ ਹਿੰਦੂ ਅਤੇ ਮੁਸਲਮਾਨ ਦੋਹਾਂ ਧਰਮਾਂ ਦੇ ਲੋਕਾਂ ਵਿੱਚੋਂ ਵੱਡਾ ਕੌਣ ਹੈ ? ਗੁਰੂ ਜੀ ਨੇ ਬੜੀ ਦਲੇਰੀ ਨਾਲ ਉੱਤਰ ਦਿੱਤਾ, ਜੋ ਭਾਈ ਗੁਰਦਾਸ ਜੀ

ਅਨੁਸਾਰ ਇਉਂ ਅੰਕਤ ਹੈ :

**ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ।**
**ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।** –
**(ਵਾਰ ੧ ਪਉੜੀ ੩੩)**

ਮੈਂ ਤਾਂ ਕਹਾਂਗਾ ਕਿ ਗੁਰ-ਇਤਿਹਾਸ ਤੇ ਗੁਰਬਾਣੀ ਦੀ ਵੀਚਾਰ ਤੋਂ ਸੱਖਣੇ ਇਸ ਤਰ੍ਹਾਂ ਦੇ ਸਿੱਖ ਵੀ ਅੱਜ ਰੋ ਰਹੇ ਹਨ । ਜਿਨ੍ਹਾਂ ਫੋਕਟ ਕਰਮਾਂ ਦਾ ਸਮਾਜ ਵਿੱਚ ਸੁਧਾਰ ਕਰਨ ਲਈ ਗੁਰੂ ਨਾਨਕ ਜੋਤ ਦਸ ਜਾਮਿਆਂ ਵਿੱਚ ਆਈ, ਉਸੇ ਧਰਮ ਦੇ ਵਾਰਸ ਪੰਜ ਸਦੀਆਂ ਪੁਰਾਣੇ ਪਾਖੰਡ-ਜਾਲ ਵਿੱਚ ਫਿਰ ਫਸੀ ਜਾਣ ਤਾਂ ਗੁਰੂ ਸਾਹਿਬਾਂ ਇਹ ਵੀ ਫੁਰਮਾਇਆ :

**ਖੋਜੀ ਉਪਜੈ ਬਾਦੀ ਬਿਨਸੈ ......... ॥ ਮਲਾਰ (ਮ: ੧) – ਅੰਗ ੧੨੫੫**

ਭਾਵ ਖੋਜੀ ਮਨੁੱਖ ਵਿਕਾਸ ਕਰਦਾ ਹੈ ਤੇ ਅੰਧਵਿਸ਼ਵਾਸ ਦੇ ਵਾਦ-ਵਿਵਾਦ ਵਿੱਚ ਫਸਿਆ ਮਨੁੱਖ ਆਪਣੀ ਆਤਮਕ ਮੌਤ ਸਹੇੜ ਲੈਂਦਾ ਹੈ ।

ਪਹਿਲਾ :- (ਦਲੀਲ ਨਾਲ) ਵੇਖੋ ਬਾਬਾ ਜੀ ! ਕਈ ਲੋਕ ਤਾਂ ਅਨਪੜ੍ਹ ਹਨ ਉਹਨਾਂ ਬਾਰੇ ਕਹਿ ਦੇਈਦਾ ਕਿ ਇਹਨਾਂ ਦੀ ਸਮਝ ਹੀ ਏਨੀ ਕੁ ਆ ਪਰ ਕਈ ਪੜ੍ਹੇ-ਲਿਖੇ ਵੀ ਨਸ਼ਿਆਂ ਵਿੱਚ, ਪਾਖੰਡਾਂ, ਜਾਦੂ-ਟੂਣਿਆਂ ਅਤੇ ਅਨਮੱਤੀਆਂ ਦੇ ਡੇਰੇ ਪਿੱਛੇ ਲੱਗੇ ਹੋਏ ਆ ।

ਬਾਬਾ :- ਗੁਰੂ ਪਿਆਰਿਓ ! ਵਿੱਦਿਆ ਜਾਂ ਪੜ੍ਹਾਈ ਉਹ ਸਫਲ ਹੈ, ਜਿਸ ਨਾਲ ਕੂੜ ਦੀ ਰਾਸ ਘਟਦੀ ਹੈ ਅਤੇ ਖੋਟੇ-ਖਰੇ ਦੀ ਪਛਾਣ ਆਉਂਦੀ ਹੈ । ਫੁਰਮਾਣ ਹੈ :

**ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥**
**ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥** –
**ਮਾਝ ਕੀ ਵਾਰ (ਮ: ੨) – ਅੰਗ ੧੪੬**

ਗੁਰੂ ਜੀ ਨੇ ਵਿੱਦਿਆ ਅਤੇ ਵਿਦਵਾਨਾਂ ਦੀ ਸੰਗਤ ਤੇ ਜ਼ੋਰ ਦਿੱਤਾ ਹੈ ਅਤੇ ਨਾਲ ਜੁਗਤ ਵੀ ਦੱਸੀ ਹੈ :

**ਕਰਣੀ ਬਾਝਹੁ ਤਰੈ ਨ ਕੋਇ ॥ ਰਾਮਕਲੀ ਕੀ ਵਾਰ:੧ (ਮ: ੧) – ਅੰਗ ੯੫੨**

ਹੁਣ ਦੁਨਿਆਵੀ ਵਿੱਦਿਆ ਨਾਲ ਗੁਰਮਤਿ ਵਿਦਿਆ ਵੀ ਜ਼ਰੂਰੀ ਹੈ । ਜੋ ਲੋਕ ਗੁਰੂ ਦੀ ਮੱਤ ਨੂੰ ਛੱਡ ਬੈਠੇ ਹਨ, ਉਹ ਝੂਠੇ ਧੰਦਿਆਂ ਵਿੱਚ ਹੀ ਫਸੇ ਰਹਿੰਦੇ ਹਨ । ਮਾਰੂ ਰਾਗ ਵਿੱਚ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ :

**ਗੁਰਮਤਿ ਛੋਡਹਿ ਉਝੜਿ ਜਾਈ ॥ ਮਨਮੁਖਿ ਰਾਮੁ ਨ ਜਪੈ ਅਵਾਈ ॥**
**ਪਚਿ ਪਚਿ ਬੂਡਹਿ ਕੂੜੁ ਕਮਾਵਹਿ ਕੂੜਿ ਕਾਲੁ ਬੈਰਾਈ ਹੇ ॥੧੫॥**

– ਮਾਰੂ ਸੋਲਹੇ (ਮ: ੧) – ਅੰਗ ੧੦੨੫

ਪਹਿਲਾ :- ਕਈਆਂ ਨੂੰ ਬਾਬਾ ਜੀ ਹੰਕਾਰ ਵੀ ਹੋ ਜਾਂਦਾ। ਹੁਣ ਸਾਡੇ ਪਿੰਡ ਦਾ ਇੱਕ ਨੌਜਵਾਨ ਇਹ ਕਹਿੰਦਾ ਰਹਿੰਦਾ ਕਿ ਸਾਡੇ ਵਿੱਚ ਤਰਕਸ਼ੀਲਤਾ ਨਹੀਂ ਹੈ । ਮੈਂ ਜੋ ਕਹਿਨਾ, ਠੀਕ ਹਾਂ।

ਬਾਬਾ :- ਬਿਨਾਂ ਸਮਝ ਅਤੇ ਵਿਚਾਰ ਤੋਂ ਕਈਆਂ ਨੇ ਬਹੁਤ ਕੁਝ ਕਿਹਾ ਹੈ । ਉਸ ਨੌਜਵਾਨ ਨੂੰ ਪਿਆਰ ਨਾਲ ਕਹੋ ਕਿ ਗੁਰਮਤਿ ਵਿੱਚ ਇਕੱਲਾ ਤਰਕ ਹੀ ਨਹੀਂ, ਨਾਲ ਬਿਬੇਕ ਵੀ ਹੈ । ਗੁਰੂ ਅਤੇ ਗੁਰਬਾਣੀ ਦੀ ਵੀਚਾਰਧਾਰਾ ਸਮਝੋ, ਤਰਕਸ਼ੀਲ ਦੇ ਨਾਲ ਬਿਬੇਕਸ਼ੀਲ ਵੀ ਹਾਂ।

ਦੋਵੇਂ :- (ਇੱਕ ਅਵਾਜ਼ ਵਿੱਚ) ਬਾਬਾ ਜੀ ਤੁਹਾਡਾ ਸਮਾਂ ਵੀ ਕਾਫੀ ਲੈ ਲਿਆ ਹੈ ਤੇ ਗੱਲ ਵੀ ਬੜੀ ਦਿਲਚਸਪ ਹੈ । ਇਕੱਲੇ ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਇਤਿਹਾਸ ਵਿੱਚੋਂ ਹੀ ਚਾਨਣ ਪਾਉਣ ਦੀ ਕਿਰਪਾ ਕਰੋ।

ਬਾਬਾ :- ਮੈਂ ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਇਤਿਹਾਸ ਵਿੱਚੋਂ ਕੁਝ ਕੁ ਹਵਾਲੇ ਦੇ ਰਿਹਾ ਹਾਂ। ਜਿਵੇਂ ਆਮ ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਬਚਪਨ ਵਿੱਚ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ। ਵੀਚਾਰਿਆ ਜਾਵੇ ਤਾਂ ਇਨਕਾਰ ਨਹੀਂ ਕੀਤਾ ਸਗੋਂ ਇਸ ਪਾਖੰਡ ਤੇ ਤਰਕ ਕਰ ਕੇ ਬਿਬੇਕ ਨਾਲ ਰਸਮੀ ਜਨੇਊ ਪਾਉਣ ਦੀ ਥਾਂ ਦਇਆ, ਸੰਤੋਖ, ਜਤੁ, ਸਤੁ ਵਾਲੇ ਜਨੇਊ ਦੀ ਮੰਗ ਕੀਤੀ ਸੀ ਕਿਉਂਕਿ ਰਸਮੀ ਜਨੇਊ ਵਿੱਚ ਇਹ ਗੁਣ ਨਹੀਂ ਸਨ । ਇਸੇ ਤਰ੍ਹਾਂ ਸੁਲਤਾਨਪੁਰ ਵਿੱਚ ਨਵਾਬ ਤੇ ਕਾਜ਼ੀ ਨੂੰ ਨਿਮਾਜ਼ ਪੜ੍ਹਦਿਆਂ ਸਮਝਾਇਆ ਕਿ ਤੁਹਾਡਾ ਮਨ ਤਾਂ ਕਿਤੇ ਹੋਰ ਪਿਆ ਫਿਰਦਾ ਹੈ। ਹਰਦੁਆਰ ਜਾ ਕੇ ਪੱਛਮ ਵੱਲ ਪਾਣੀ ਸੁੱਟਣਾ ਸ਼ੁਰੂ ਕੀਤਾ ਤਾਂ ਲੋਕਾਂ ਨੂੰ ਸਮਝ ਆਈ ਕਿ ਜੇਕਰ ਪੰਜਾਬ ਦੇ ਖੇਤਾਂ ਤੱਕ ਪਾਣੀ ਨਹੀਂ ਪਹੁੰਚ ਸਕਦਾ ਤਾਂ ਕਰੋੜਾਂ ਮੀਲ ਦੂਰ ਮੋਏ ਪਿੱਤਰਾਂ ਤੱਕ ਕਿਵੇਂ ਪਹੁੰਚੇਗਾ ? ਮੱਕੇ ਜਾ ਕੇ ਪੈਰ ਕਾਅਬੇ ਵੱਲ ਕੀਤੇ ਇਹ ਸਮਝਾਉਣ ਲਈ ਕਿ ਅੱਲਾ ਤਾਂ ਹਰ ਪਾਸੇ ਮੌਜੂਦ ਹੈ। ਮਲਕ ਭਾਗੋ ਦੀ ਲੁੱਟ ਦੀ ਕਮਾਈ ਨਾਲ ਬਣੇ ਪਦਾਰਥ ਨਹੀਂ ਖਾਧੇ, ਇਹ ਦੱਸਣ ਲਈ ਕਿ ਹੱਕ ਦੀ ਕਮਾਈ ਭਾਈ ਲਾਲੋ ਵਾਂਗ ਕੀਤੀ ਜਾਣੀ ਚਾਹੀਦੀ ਹੈ । ਜਗਨਨਾਥਪੁਰੀ ਦੇ ਪੰਡਤਾਂ ਦੀ ਆਰਤੀ ਤੇ ਤਰਕ ਕਰ ਕੇ ਸੱਚੀ ਕੁਦਰਤ ਦੀ ਆਰਤੀ ਦੇ ਅਰਥ-ਸ਼ਬਦ ਰਾਹੀਂ ਸਮਝਾਏ । ਗੱਲ ਕੀ, ਸਮਾਜ ਅਤੇ ਧਰਮ ਦੇ ਠੇਕੇ ਦਾਰਾਂ, ਰਾਜਨੀਤਕਾਂ ਤੇ ਜਿਥੇ ਤਰਕ ਕੀਤਾ, ਉੱਥੇ ਉਸ ਦਾ ਬਿਬੇਕ ਨਾਲ ਉੱਤਰ ਵੀ ਦਿੱਤਾ। ਹਰ ਸਿੱਖ ਨੂੰ ਫ਼ਖ਼ਰ ਹੋਣਾ ਚਾਹੀਦਾ ਹੈ ਕਿ ਸਾਡਾ ਪੰਥ ਬਿਬੇਕਸ਼ੀਲ ਦਾ ਪੰਥ ਹੈ।

ਦੂਜਾ :- ਗੁਰੂ ਨਾਨਕ ਪਾਤਸ਼ਾਹ ਨੇ ਉਪਦੇਸ਼ਾਂ ਨਾਲ ਐਨੇ ਲੋਕਾਂ ਨੂੰ ਸਿੱਧੇ ਰਾਹ ਪਾਇਆ । ਉਹਨਾਂ ਪਾਸ ਕਿਹੜੀ ਸ਼ਕਤੀ ਸੀ, ਜਿਸ ਨਾਲ ਪੱਥਰ-ਦਿਲ ਲੋਕ ਵੀ ਉਹਨਾਂ ਦੇ ਚਰਨੀਂ ਆ ਪਏ ?

ਬਾਬਾ :- ਇਸ ਸੰਬੰਧੀ ਸਿੱਖੀ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਗੁਰੂ ਜੀ ਦਾ ਉੱਤਰ ਹੁੰਦਾ ਸੀ :

**ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ। (ਵਾਰ ੧ ਪਉੜੀ ੪੩)**

ਜਾਂ ਫਿਰ

ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹਹਿ ਰਾਈ।

(ਵਾਰ ੧ ਪਉੜੀ ੪੨)

ਅੱਜ ਸਾਡੇ ਭੋਲੇ-ਭਾਲੇ ਸਿੱਖ, ਸੰਗਤ ਅਤੇ ਬਾਣੀ ਦਾ ਆਸਰਾ ਛੱਡ ਕੇ ਦੇਹਧਾਰੀ ਪਾਖੰਡੀਆਂ ਪਿੱਛੇ ਭੱਜੇ ਫਿਰਨ ਤਾਂ ਉਹਨਾਂ ਦੀ ਬਦਕਿਸਮਤੀ ਹੈ।

ਪਹਿਲਾ :- ਬਾਬਾ ਜੀ ! ਇੱਕ ਗੱਲ ਦੀ ਸਮਝ ਨਹੀਂ ਆਉਂਦੀ ਕਿ ਪਿਛਲੇ ਸਾਲ ਸਾਡੇ ਪਿੰਡ ਗੁਰਪੁਰਬ ਤੇ ਇੱਕ ਸਾਧੂ ਮਹਾਤਮਾ ਆਏ ਸਨ, ਉਹ ਕਹਿੰਦੇ ਸਨ ਕਿ ਗੁਰੂ ਨਾਨਕ ਦੇਵ ਜੀ ਪੜ੍ਹੇ ਨਹੀਂ, ਅਨਪੜ੍ਹ ਸਨ। ਅੱਜ ਵੀ ਧਰਮ ਦੇ ਖੇਤਰ ਵਿੱਚ ਪੜ੍ਹਿਆਂ ਦੀ ਲੋੜ ਨਹੀਂ ਹੈ ?

ਬਾਬਾ :- (ਕੁਝ ਭਾਵੁਕ ਹੋ ਕੇ) ਐਸਾ ਪ੍ਰਚਾਰ ਕਰਨ ਵਾਲਿਆਂ ਨੇ ਸਿੱਖ ਕੌਮ ਦਾ ਸਭ ਤੋਂ ਵੱਡਾ ਨੁਕਸਾਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨਹੀਂ ਪੜ੍ਹੇ ਇਹ ਬੋਲਣ ਵਾਲੇ ਜਾਂ ਲਿਖਣ ਵਾਲੇ ਪਤਾ ਨਹੀਂ ਗੁਰੂ ਜੀ ਦੀ ਕਿਹੜੀ ਵਡਿਆਈ ਕਰ ਰਹੇ ਹਨ ? ਕਈ ਭਾਸ਼ਾਵਾਂ ਦੀ ਜਾਣਕਾਰੀ ਵਾਲੇ, ਸਭ ਧਰਮਾਂ ਦਾ ਗਿਆਨ ਰੱਖਣ ਵਾਲੇ, ਸਿੱਧਾਂ, ਨਾਥਾਂ, ਕਾਜ਼ੀਆਂ, ਬ੍ਰਾਹਮਣਾਂ ਨਾਲ ਵਿਚਾਰ-ਚਰਚਾ ਕਰਨ ਵਾਲੇ ਕੁਰਾਹੇ ਪਏ ਅਗਿਆਨੀਆਂ ਨੂੰ ਦਲੀਲ ਨਾਲ ਸਿੱਧੇ ਰਾਹ ਪਾਉਣ ਵਾਲੇ, ਗਿਆਨ ਵਿਗਿਆਨ ਦੀ ਸੋਝੀ ਦੇਣ ਵਾਲੇ, ਮਹਾਨ ਦੂਰ-ਅੰਦੇਸ਼, ਕੀ ਉਹ ਪੜ੍ਹੇ ਨਹੀਂ ਸਨ ? ਕਮਾਲ ਐ ਐਸੇ ਪ੍ਰਚਾਰਕਾਂ ਦੇ ! ਐਸੇ ਲੋਕਾਂ ਨੇ ਗੁਰੂ ਜੀ ਦਾ ਜੀਵਨ ਫਲਸਫਾ ਸਮਝਿਆ ਹੀ ਨਹੀਂ। ਉਹਨਾਂ ਨਾਲ ਕਰਾਮਾਤੀ ਕਹਾਣੀ ਜੋੜੀ ਜਾਣਾ ਠੀਕ ਨਹੀਂ ਹੈ, ਜਿਵੇਂ ਕਈ ਕਹਿ ਦਿੰਦੇ ਆ ਕਿ ਗੁਰੂ ਜੀ ਅੱਖਾਂ ਮੀਚ ਕੇ ਹੀ ਹਜ਼ਾਰਾਂ ਮੀਲ ਚਲੇ ਜਾਂਦੇ ਸਨ, ਇਹ ਉਹਨਾਂ ਦੀ ਵਡਿਆਈ ਨਹੀਂ ਹੈ, ਸਗੋਂ ਵਡਿਆਈ ਇਹ ਹੈ ਕਿ ਗੁਰੂ ਜੀ ਨੇ ਸੰਸਾਰ ਨੂੰ ਤਾਰਨ ਲਈ ਹਜ਼ਾਰਾਂ ਮੀਲ ਸਫਰ ਕੀਤਾ ਹੈ। ਸੱਚ ਦਾ ਹੋਕਾ ਦਿੰਦਿਆਂ ਅਨੇਕ ਜ਼ਫ਼ਰ ਜਾਲੇ ਹਨ। ਗੁਰੂ ਸਾਹਿਬਾਂ ਤੋਂ ਤਾਂ ਸਿੱਖਾਂ ਦਾ ਰੋਮ-ਰੋਮ ਕੁਰਬਾਨ ਹੋਣਾ ਚਾਹੀਦਾ ਹੈ। ਜਿੰਨੇ ਉਤਸ਼ਾਹ ਨਾਲ ਅਸੀਂ ਗੁਰਪੁਰਬ ਮਨਾਉਂਨੇ ਆਂ, ਇੰਨੇ ਉਤਸ਼ਾਹ ਨਾਲ ਗੁਰੂ ਜੀ ਦੀਆਂ ਸਿੱਖਿਆਵਾਂ ਤੇ ਅਮਲ ਵੀ ਕਰਨਾ ਚਾਹੀਦਾ ਹੈ।

ਦੂਜਾ :- (ਕੁਝ ਗੰਭੀਰ ਹੋ ਕੇ) ਸਾਡੀ ਸਿੱਖ ਕੌਮ ਪਾਸ ਗੁਰੂ ਸਾਹਿਬਾਂ ਦਾ ਬਖਸ਼ਿਆ ਹੋਇਆ ਐਨਾ ਵੱਡਾ ਗਿਆਨ ਦਾ ਖਜ਼ਾਨਾ ਹੈ, ਫਿਰ ਵੀ ਕਈ ਸਿੱਖ ਪਰਿਵਾਰ ਗੁਰੂ ਸਾਹਿਬਾਂ ਦੀਆਂ ਸਿੱਖਿਆਵਾਂ ਵਿਸਾਰ ਕੇ ਦਰ-ਦਰ ਕਿਉਂ ਭਟਕ ਰਹੇ ਹਨ ?

ਬਾਬਾ :- ਕਹਿੰਦੇ ਪੁਰਾਣੇ ਸਮੇਂ ਦੀ ਗੱਲ ਹੈ ਕਿ ਕਿਸੇ ਰਾਜੇ ਨੇ ਇੱਕ ਭੋਲੇ-ਭਾਲੇ ਆਦਮੀ ਦੀ ਸੇਵਾ ਤੋਂ ਖੁਸ਼ ਹੋ ਕੇ ਖੂਹ ਹੀ ਉਸਦੇ ਨਾਮ ਲਵਾ ਦਿੱਤਾ। ਪਰ ਉਸ ਭੋਲੇ ਨੂੰ ਖੂਹ ਚੋਂ ਪਾਣੀ ਨਹੀਂ ਸੀ ਭਰਨਾ ਆਉਂਦਾ। ਜਦੋਂ ਪਿਆਸ ਲੱਗੀ ਤਾਂ ਕਿਸੇ 'ਮਸ਼ਕ' ਵਾਲੇ ਅੱਗੇ ਘੁੱਟ ਪਾਣੀ ਲਈ ਤਰਲੇ ਕੱਢ ਰਿਹਾ ਸੀ। ਕਿਸੇ ਸਿਆਣੇ ਨੂੰ ਸਾਰੀ ਕਹਾਣੀ

ਦਾ ਪਤਾ ਸੀ । ਉਹ ਕਹਿੰਦਾ, ਓਏ ਭੋਲਿਆ ! ਖੂਹ ਦਾ ਮਾਲਕ ਹੋ ਕੇ ਮਸ਼ਕ ਵਾਲੇ ਦੀਆਂ ਮਿੰਨਤਾਂ ਕਰਨ ਡਿਹਾਂ, ਤੇਰੀ ਅਕਲ ਨੂੰ ਕੀ ਹੋ ਗਿਆ ? ਬੱਸ ਕਈ ਸਿੱਖ ਪਰਿਵਾਰਾਂ ਦਾ ਵੀ ਇਹੋ ਹਾਲ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਗਿਆਨਮਈ ਅਥਾਹ ਸਮੁੰਦਰ ਨੂੰ ਛੱਡ ਕੇ, ਗੁਰੂ ਸਾਹਿਬ ਦੀਆਂ ਸਿੱਖਿਆਵਾਂ ਵਿਸਾਰ ਕੇ, ਕੋਈ ਕਿਸੇ ਮਸ਼ਕ ਵਾਲੇ ਪਿੱਛੇ ਭਟਕ ਰਿਹਾ, ਕੋਈ ਕਿਸੇ ਪਿੱਛੇ । ਐਸੇ ਮਨੁੱਖਾਂ ਲਈ ਗੁਰੂ ਜੀ ਨੇ ਦੋਹਾਗਣਿ ਸ਼ਬਦ ਵਰਤਿਆ ਹੈ

**ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ ॥**
**ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ ॥**
**ਸਿਰੀਰਾਗੁ (ਮ: ੧) - ਅੰਗ ੧੯**

ਦੋਵੇਂ :- (ਇੱਕ ਆਵਾਜ਼ ਵਿੱਚ) ਵਾਹ ਬਾਬਾ ਜੀ ! ਇਹ ਕਹਿੰਦੇ ਨੇ ਸੌ ਹੱਥ ਰੱਸਾ, ਸਿਰੇ ਤੇ ਗੰਢ । ਅੱਜ ਕੌਮ ਨੂੰ ਵੱਡੀ ਪੱਧਰ ਤੇ ਐਸੇ ਪ੍ਰਚਾਰ ਦੀ ਲੋੜ ਹੈ ।

ਬਾਬਾ :- ਤੇ ਇਸ ਦੇ ਨਾਲ ਹੀ ਲੋੜ ਹੈ, ਨੌਜਵਾਨ ਪੀੜੀ ਨੂੰ ਹੰਭਲਾ ਮਾਰਨ ਦੀ । ਕੌਮ ਦਾ ਭਵਿੱਖ ਤੁਸੀਂ ਹੋ ਪੁੱਤਰੋ ! ਜੇ ਤੁਹਾਡੇ ਜਹੇ ਸੂਝਵਾਨ ਅਤੇ ਲਗਨ ਵਾਲੇ ਨੌਜਵਾਨ 'ਸੱਚ' ਦੇ ਪ੍ਰਚਾਰ ਲਈ ਬਾਬੇ ਨਾਨਕ ਦੇ ਦਰਸਾਏ ਰਾਹ ਉੱਤੇ ਕਮਰਕੱਸੇ ਕਰ ਕੇ ਤੁਰ ਪੈਣ ਅਤੇ ਗੁਰਮਤਿ ਗਿਆਨ ਦੀ ਲਹਿਰ ਚਲਾ ਦੇਣ ਤਾਂ ਸਾਰੇ ਵਹਿਮ-ਭਰਮ, ਕਰਮ-ਕਾਂਡ ਅਤੇ ਪਖੰਡ ਆਪਣੇ ਆਪ ਹੂੰਝੇ ਜਾਣਗੇ । ਸਭ ਸਿੱਖ ਸਭਾ ਸੁਸਾਇਟੀਆਂ, ਧਾਰਮਿਕ ਸੰਗਠਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ, ਪੰਥਕ-ਮਰਯਾਦਾ ਤੇ ਪਹਿਰਾ ਦਿੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਅਗਵਾਈ ਲੈ ਕੇ ਗੁਰਮਤਿ ਮਿਸ਼ਨ ਪ੍ਰਤੀ ਇਕਸੁਰਤਾ, ਇਕਸਾਰਤਾ ਅਤੇ ਸੁਹਿਰਦ ਭਾਵਨਾ ਨਾਲ ਚੱਲਣਾ ਚਾਹੀਦਾ ਹੈ । ਸਿੱਖ ਸਦਾ ਹੀ ਆਸ਼ਾਵਾਦੀ ਹੈ, ਆਪਾਂ ਵੀ ਗੁਰੂ ਨਾਨਕ ਗੁਰਪੁਰਬ ਤੇ ਤੁਹਾਡੇ ਪਿੰਡ ਵਾਸੀਆਂ ਨੂੰ ਪਿਆਰ-ਸਤਿਕਾਰ ਨਾਲ ਪ੍ਰੇਰਾਂਗੇ । ਗੁਰੂ ਜੀ ਦੇ ਉਪਦੇਸ਼ ਹਰ ਸਿੱਖ ਦੇ ਹਿਰਦੇ ਚ ਵੱਸ ਜਾਣ ਤਾਂ ਕੋਈ ਵੀ ਨਾਨਕ ਨਾਮ-ਲੇਵਾ ਹੋਰਨਾਂ ਦਰਾਂ ਤੇ ਨਹੀਂ ਭਟਕੇਗਾ । ਮਾਰੂ ਰਾਗ ਵਿੱਚ ਗੁਰੂ ਜੀ ਦਾ ਫੁਰਮਾਣ ਹੈ :

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ**
**ਇਉ ਆਤਮ ਰਾਮੈ ਲੀਨਾ ਹੇ ॥੧੪॥ਮਾਰੂ ਸੋਲਹੇ (ਮ:੧)-ਅੰਗ ੧੦੨੯**

ਸਿੱਖ ਦਾ ਵਿਸ਼ਵਾਸ ਇੰਨਾ ਪੱਕਾ ਹੋਣਾ ਚਾਹੀਦਾ ਹੈ । ਫਿਰ ਹਰ ਮੈਦਾਨ ਫ਼ਤਹਿ ਤੇ ਪੰਥ ਦੀ ਚੜ੍ਹਦੀ ਕਲਾ ਹੋਵੇਗੀ । ਚੰਗਾ ਬਈ ਗੁਰਮੁਖੋ ! ਖਲ੍ਹੀਆ ਵੀਚਾਰਾਂ ਤੁਹਾਡੇ ਪਿੰਡ ਗੁਰਪੁਰਬ ਤੇ ਕਰਾਂਗੇ ।

(ਬਾਬਾ ਕਥਾ ਸਿੰਘ ਇੱਥੇ ਸਮਾਪਤੀ ਕਰਦਾ ਹੈ ਦੋਵੇਂ ਨੌਜਵਾਨ ਫ਼ਤਹਿ ਬੁਲਾ ਕੇ ਵਿਦਾ ਹੁੰਦੇ ਹਨ)

**ਧੰਨਵਾਦ ਸਾਹਿਤ ਵਿਚੋਂ :- ਗੁਰਮਤਿ ਪ੍ਰਕਾਸ਼**

## ਸ੍ਰੀ ਗੁਰ ਨਾਨਕ ਦੇਵ ਜੀ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ

### ੧. ਫ੍ਰੀ ਮੈਡੀਕਲ ਕੈਂਪ

ਮਿਤੀ 02-10-2019 ਨੂੰ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਅਤੇ ਜਨਰਲ (ਡਾ.) ਜਸਵੰਤ ਸਿੰਘ ਚੈਰੀਟੇਬਲ ਟ੍ਰਸਟ (ਰਜਿ.) ਦੇ ਉਪਰਾਲੇ ਨਾਲ ਇਕ ਫ੍ਰੀ ਮੈਡੀਕਲ ਸੇਵਾ ਕੈਂਪ ਗੁਰਮਤਿ ਪ੍ਰਸਾਰ ਭਵਨ ਛੱਜੂ ਮਾਜਰਾ ਰੋਡ, ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਗਿਆ। ਇਸ ਕੈਂਪ ਵਿਚ 190 ਪ੍ਰਾਣੀਆਂ ਨੇ ਡਾਕਟਰੀ ਸੇਵਾਵਾ ਦਾ ਲਾਭ ਉਠਾਇਆ ।

ਇਸ ਕੈਂਪ ਵਿਚ ਅੱਖਾਂ ਦੀ ਬੀਮਾਰੀਆਂ ਦੇ ਚੈਕ ਅੱਪ ਦੀ ਸੇਵਾ ਡਾ. ਜੈ ਸਿੰਘ M.D. (Ophthal), ਦਿਲ ਦੀਆਂ ਬੀਮਾਰੀਆਂ ਦਾ ਚੈਕ ਅੱਪ ਡਾ. ਦਲਬੀਰ ਸਿੰਘ M.D. FICA (USA), ਜਨਰਲ ਚੈਕ ਅੱਪ ਦੀ ਸੇਵਾ ਡਾ. ਹਰਪ੍ਰੀਤ ਕੌਰ MBBS, ਦੰਦਾ ਦਾ ਚੈਕ ਅੱਪ ਡਾ. ਮਨਪ੍ਰੀਤ ਕੌਰ (B.D.S.) ਅਤੇ ਕੱਨ, ਨੱਕ, ਗੱਲੇ ਦੇ ਚੈਕ ਅੱਪ ਦੀ ਸੇਵਾ ਡਾ. ਭੂਸ਼ਨ ਚੌਹਾਨ (MBBS, MS) ਦੁਆਰਾ ਨਿਭਾਈ ਗਈ । ਇਸ ਮੌਕੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ।

ਇਸ ਤੋਂ ਇਲਾਵਾ ਫ੍ਰੀ ਕਲਿਨੀਕਲ ਲੈਬਾਰਟੇਰੀ ਟੈਸਟ ਵੀ ਕੀਤੇ ਗਏ ਅਤੇ ਵਿਸ਼ੇਸ਼ ਪੈਕੇਜ ਬਹੁਤ ਹੀ ਰਿਆਇਤੀ ਦਰਾਂ ਤੇ ਕੀਤੇ ਗਏ । ਰਿਆਇਤੀ ਕੀਮਤਾਂ ਤੇ ਐਨਕਾਂ ਬਣਾਉਣ ਦੀ ਸੇਵਾ ਵੀ ਕੀਤੀ ਗਈ । ਜਿਸ ਦਾ ਲੋਕਾ ਨੇ ਲਾਭ ਉਠਾਇਆ ਅਤੇ ਸੋਸਾਇਟੀ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ । ਕੈਂਪ ਵਿੱਚ ਹਾਜ਼ਰ ਸਾਰੀ ਸੰਗਤ ਦੀ ਚਾਹ ਆਦਿ ਨਾਲ ਸੇਵਾ ਕੀਤੀ ਗਈ ।




ਕੈਂਪ ਦੌਰਾਨ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਅਤੇ ਜਨਰਲ(ਡਾ.) ਜਸਵੰਤ ਸਿੰਘ ਚੈਰੀਟੇਬਲ ਟ੍ਰਸਟ ਦੇ ਪ੍ਰਬੰਧਕ

**੨. ਗੁਰਮਤਿ ਸਮਾਗਮ –** ਗੁਰਦੁਆਰਾ ਸਾਹਿਬ ਸੈਕਟਰ ੩੪-ਸੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ਵੇਂ ਪ੍ਰਕਾਸ਼ ਪੂਰਬ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਵਿੱਚ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਦੋ ਦਿਨ ਸੇਵਾ ਨਿਭਾਈ ਗਈ 17 ਅਕਤੂਬਰ ਨੂੰ ਸੋਸਾਇਟੀ ਦੇ ਵਿਦਿਆਰਥੀ ਭਾਈ ਰਮਨਦੀਪ ਸਿੰਘ ਅਤੇ ਸਾਥੀਆਂ ਵਲੋਂ ਕੀਰਤਨ ਦੀ ਸੇਵਾ ਨਿਭਾਈ ਗਈ ਅਤੇ 18 ਅਕਤੂਬਰ ਨੂੰ ਸੋਸਾਇਟੀ ਦੇ ਵਿਦਿਆਰਥੀ ਭਾਈ ਅਰਸ਼ਦੀਪ ਸਿੰਘ ਅਤੇ ਸਾਥੀਆਂ ਵਲੋਂ ਕੀਰਤਨ ਦੀ ਸੇਵਾ ਨਿਭਾਈ ਗਈ ਅਤੇ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਨੇ 'ਜੇਤਾ ਕੀਤਾ ਤੇਤਾ ਨਾਉ' ਵਿਸ਼ੇ ਤੇ ਗੁਰਮਤਿ ਵਿਚਾਰਾ ਦੀ ਸਾਝ ਪਾਈ।

**੩. ਜੀਵਨ-ਜੁਗਤਿ ਸੈਮੀਨਾਰ:** ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੂਰਬ ਨੂੰ ਸਮਰਪਿਤ ਜੀਵਨ-ਜੁਗਤਿ ਸੈਮੀਨਾਰ ਮਿਤੀ 19-09-2019 (ਸ਼ਨੀਵਾਰ) ਨੂੰ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਅਤੇ ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ, ਸੈਕਟਰ 34, ਚੰਡੀਗੜ੍ਹ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਸੈਕਟਰ ੩੪ ਵਿਖੇ ਕਰਵਾਇਆ ਗਿਆ ਜਿਸ ਵਿੱਚ ਹੇਠ ਲਿਖੇ ਬੁਲਾਰਿਆਂ ਨੇ ਵਿਚਾਰਾ ਦੀ ਸਾਝ ਪਾਈ।




ਸੈਮੀਨਾਰ ਦੌਰਾਨ ਸਟੇਜ ਤੇ ਸੁਸ਼ੋਭਿਤ ਬੁਲਾਰੇ ਅਤੇ ਪ੍ਰਬੰਧਕ

| ਵਿਸ਼ਾ | ਬੁਲਾਰੇ |
|---|---|
| ਸੰਸਾਰਿਕ/ਅਧਿਆਤਮਕ ਗਿਆਨ<br>(ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥) | ਭਾਈ ਹਰਵਿੰਦਰ ਸਿੰਘ ਜੀ, ਸੋਹਾਣਾ |
| ਗੁਰੂ ਨਾਨਕ ਪਾਤਸ਼ਾਹ ਦਾ ਕਿਰਤ-ਕੀਰਤੀ ਦਾ ਸਿਧਾਂਤ<br>(ਘਾਲਿ ਖਾਇ ਕਿਛੁ ਹਥਹੁ ਦੇਇ ॥) | ਗਿਆਨੀ ਹਰਪਾਲ ਸਿੰਘ ਜੀ<br>ਹੈਡ ਗ੍ਰੰਥੀ, ਗੁ: ਸ੍ਰੀ ਫਤਹਿਗੜ੍ਹ ਸਾਹਿਬ ਜੀ |
| ਪ੍ਰਦੂਸ਼ਨ-ਕੰਟ੍ਰੋਲ-<br>(ਮਨਿ ਮੈਲੈ ਸੂਚਾ ਕਿਉ ਹੋਇ ॥) | ਪ੍ਰੋ. ਮਨਜੀਤ ਸਿੰਘ ਜੀ<br>ਸਾਬਕਾ ਜੱਥੇਦਾਰ ਸ੍ਰੀ ਅਕਾਲ ਤੱਖਤ ਸਾਹਿਬ ਜੀ |

ਸਟੇਜ ਦਾ ਸੰਚਾਲਨ ਡਾ.ਕੰਵਲਜੀਤ ਸਿੰਘ ਜੀ ਨੇ ਬਾਖੂਬੀ ਕੀਤਾ । ਅੰਤ ਵਿੱਚ ਸਮੀਖਿਆ ਅਤੇ ਸੋਸਾਈਟੀ ਸਬੰਧੀ ਜਾਣਕਾਰੀ ਪ੍ਰਿੰ. ਨਰਿੰਦਰ ਬੀਰ ਸਿੰਘ ਜੀ ਜਨਰਲ ਸੱਕਤ੍ਰ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਨੇ ਦਿੱਤੀ ਅਤੇ ਅੰਤ ਵਿੱਚ ਧੰਨਵਾਦ ਸ. ਤਜਿੰਦਰ ਸਿੰਘ ਸਕੱਤ੍ਰ ਗੁਰਦੁਆਰਾ ਸਾਹਿਬ ਸੈਕਟਰ ੩੪ ਨੇ ਕੀਤਾ ਵੱਡੀ ਗਿਣਤੀ ਵਿੱਚ ਹਾਜ਼ਰ ਸੰਗਤਾਂ ,ਵੱਖ ਵੱਖ ਸੰਸਥਾਵਾਂ ਅਤੇ ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧਕਾਂ ਨੇ ਭਰਪੂਰ ਆਨੰਦ ਮਾਣਿਆ ।

## ਗੁਰਬਾਣੀ ਕੀਰਤਨ ਅਤੇ ਗੁਰਬਾਣੀ ਇਤਿਹਾਸ ਪ੍ਰਸ਼ਨੋਤਰੀ ਮੁਕਾਬਲੇ

ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਕੂਲੀ ਬੱਚਿਆਂ ਲਈ ਗੁਰਬਾਣੀ ਕੀਰਤਨ ਅਤੇ ਗੁਰਬਾਣੀ ਇਤਿਹਾਸ ਪ੍ਰਸ਼ਨੋਤਰੀ ਮੁਕਾਬਲੇ ਮਿਤੀ 22-10-2019 ਨੂੰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ, ਸੈਕਟਰ- 34, ਚੰਡੀਗੜ੍ਹ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਸੈਕਟਰ- 34 ਦੇ ਗੁਰਦੁਆਰਾਂ ਸਾਹਿਬ ਵਿਖੇ ਕਰਵਾਏ ਗਏ ।

ਗੁਰਬਾਣੀ ਕੀਰਤਨ ਮੁਕਾਬਲੇ - ਗੁਰਬਾਣੀ ਕੀਰਤਨ ਮੁਕਾਬਲੇ ਵਿੱਚ ਚੰਡੀਗੜ੍ਹ, ਮੋਹਾਲੀ ਅਤੇ ਖਰੜ੍ਹ ਦੇ ਗਿਆਰਾਂ ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ । ਇਹਨਾਂ ਬੱਚਿਆਂ ਦੇ ਸ਼ਬਦ ਗਾਇਨ ਦੀ ਪਰਖ ਲਈ ਇੱਕ ਤਿੰਨ ਮੈਂਬਰਾਂ ਦੀ ਕਮੇਟੀ ਬਣਾਈ ਗਈ ਜਿਸ ਵਿੱਚ ਬੀਬੀ ਕੁਲਵਿੰਦਰ ਕੌਰ, ਹੈਡ HRD ਡਿਪਾਰਟਮੈਂਟ ਗੋਰਮਿੰਟ ਕਾਲਜ ਚੰਡੀਗੜ੍ਹ, ਬੀਬੀ ਗੁਰਲੀਨ ਕੌਰ ਪ੍ਰੋ. ਪੰਜਾਬ ਯੂਨੀਵਰਸਿਟੀ ਅਤੇ ਸ. ਰਣਜੀਤ ਸਿੰਘ ਮਿਉਜ਼ਿਕ ਟੀਚਰ ਗੋਰਮਿੰਟ ਸਕੂਲ ਸਨ । ਹਰ ਟੀਮ ਨੇ ਗੁਰੂ ਨਾਨਕ ਦੇਵ ਜੀ ਦੀ ਰਚਿਤ ਬਾਣੀ ਵਿਚੋਂ ਉਸੇ ਰਾਗ ਵਿੱਚ ਬੜੇ ਪ੍ਰੇਮ ਨਾਲ ਕੀਰਤਨ ਦੀ ਸੇਵਾ ਨਿਭਾਈ । ਇਸ ਕੀਰਤਨ ਮੁਕਾਬਲੇ ਵਿੱਚ ਮਾਤਾ ਸਾਹਿਬ ਕੌਰ ਪਬਲਿਕ ਸਕੂਲ, ਸਵਾੜਾ ਜਿਲਾ ਮੋਹਾਲੀ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਦੂਜੇ ਸਥਾਨ ਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰਤਵਾੜਾ ਸਾਹਿਬ ਦੀ ਟੀਮ ਰਹੀ ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਮਾਡਲ ਸਕੂਲ ਸੈਕਟਰ- 38D ਦੀ ਟੀਮ ਤੀਸਰੇ ਸਥਾਨ ਤੇ ਰਹੀ ।

ਗੁਰਬਾਣੀ ਇਤਿਹਾਸ ਪ੍ਰਸ਼ਨੋਤਰੀ ਮੁਕਾਬਲੇ- ਗੁਰਬਾਣੀ ਇਤਿਹਾਸ ਪ੍ਰਸ਼ਨੋਤਰੀ ਮੁਕਾਬਲੇ ਵਿੱਚ ਬਾਰਾਂ ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ ਇਸ ਪ੍ਰਸ਼ਨੋਤਰੀ ਦਾ ਅਧਾਰ

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਤਿਆਰ ਹੇਠ ਲਿਖੀਆਂ ਤਿੰਨ ਕਿਤਾਬਾਂ ਇਲਾਵਾ ਗੁਰੂ ਨਾਨਕ ਪਾਤਸ਼ਾਹ ਜੀ ਦੀ ਰਚੀ ਬਾਣੀ ਜਪੁ ਜੀ ਸਾਹਿਬ ਵਿਚੋਂ ਸਵਾਲ ਪੁੱਛੇ ਅਤੇ ਬਾਣੀ ਕੰਠ ਕਰਨ ਲਈ ਵੀ ਕਿਹਾ ਗਿਆ।

1. ਪ੍ਰਸ਼ਨ ਉੱਤਰ– ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ ਸਵਾਲ–ਜਵਾਬ
2. ਪ੍ਰਸ਼ਨ ਉੱਤਰ– ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜਾਣਕਾਰੀ ਸੰਬੰਧੀ 100 ਸਵਾਲ
3. ਪ੍ਰਸ਼ਨ ਉੱਤਰ– ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਬੰਧੀ 100 ਸਵਾਲ

ਇਸ ਪ੍ਰਸ਼ਨੋਤਰੀ ਵਿੱਚ ਪਹਿਲੇ ਸਥਾਨ ਤੇ ਸੇਂਟ ਸੋਲਜ਼ਰ ਇੰਟਰਨੈਸ਼ਨਲ ਸਕੂਲ, ਫੇਜ–7, ਮੋਹਾਲੀ ਦੀ ਟੀਮ ਰਹੀ, ਦੂਜੇ ਸਥਾਨ ਤੇ ਬੀ.ਐਸ.ਐਮ.ਸਿੱਖ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਖਰੜ ਅਤੇ ਤੀਜੇ ਸਥਾਨ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਰਤਵਾੜਾ ਸਾਹਿਬ ਦੀ ਟੀਮ ਰਹੀ । ਇਸ ਮੁਕਾਬਲੇ ਵਿੱਚ ਸਾਰੇ ਬੱਚਿਆ ਨੇ ਬੜੇ ਉਤਸਾਹ ਨਾਲ ਭਾਗ ਲਿਆ ।

ਗੁਰਬਾਣੀ ਕੀਰਤਨ ਅਤੇ ਗੁਰਬਾਣੀ ਇਤਿਹਾਸ ਪ੍ਰਸ਼ਨੌਤਰੀ ਮੁਕਾਬਲੇ ਦੀਆਂ ਦੋਨੋ ਜੇਤੂ ਟੀਮਾਂ ਨੂੰ ਮੋਕੇ ਤੇ ਹੀ ਕ੍ਰਮ ਅਨੁਸਾਰ ਪਹਿਲਾ, ਦੂਜਾ, ਤੀਜਾ ਸਥਾਨ ਪ੍ਰਾਪਤ ਕਰਨ ਤੇ 11,000/-, 5,100/-, 3,100/- ਦੇ ਨਕਦ ਇਨਾਮ ਤੋਂ ਇਲਾਵਾ ਸਕੂਲ ਤੇ ਜੇਤੂ ਟੀਮ ਦੇ ਸਾਰੇ ਵਿਦਿਆਰਥੀਆਂ ਨੂੰ ਸ਼ੀਲਡਾਂ ਦਿੱਤੀਆਂ ਗਈਆਂ । ਇਸ ਤੋਂ ਇਲਾਵਾ ਸਾਰੇ ਵਿਦਿਆਰਥੀਆਂ ਜਿਹਨਾਂ ਨੇ ਇਸ ਮੁਕਾਬਲੇ ਵਿੱਚ ਭਾਗ ਲਿਆ ਸਭ ਨੂੰ ਭਾਗ ਲੈਣ ਤੇ ਸਨਮਾਨ ਪੱਤਰ ਦਿੱਤੇ ਗਏ । ਸਾਰੇ ਇਨਾਮ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ, ਸੈਕਟਰ– 34, ਚੰਡੀਗੜ੍ਹ ਵਲੋਂ ਦਿੱਤੇ ਗਏ ।



ਗੁਰਬਾਣੀ ਕੀਰਤਨ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਇਨਾਮ ਪ੍ਰਾਪਤ ਕਰਦੇ ਹੋਏ ।



ਗੁਰਬਾਣੀ ਇਤਿਹਾਸ ਪ੍ਰਸ਼ਨੌਤਰੀ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਇਨਾਮ ਪ੍ਰਾਪਤ ਕਰਦੇ ਹੋਏ ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਅਕਤੂਬਰ 2019 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 94 | 170 | 264 |
| 2 | Eye | 14 | 18 | 32 |
| 3 | E.N.T. | 08 | 10 | 18 |
| 3 | Cardiology | 04 | 27 | 31 |
| 4 | Dental | 08 | 14 | 22 |
| 5 | Gynaecology | 14 | 35 | 49 |
| 6 | Homoeopathy | 37 | 201 | 238 |
| | Total | 179 | 475 | 654 |
| | Laboratory | 164 | | 164 |

## ਧੰਨਵਾਦ :

# ਅਕਤੂਬਰ 2019 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:-

1. Col. Ranjit Singh #207/Sector-33A/Chd 2,000/-
2. Col. Ranjit Singh (HUF) #207/Sector-33A 1,000/-
3. S. Dhanwant Singh #447/Phase- 4/Mohali 1,000/-
4. S. Surjit Singh # 589/Silver Enclave/Sec125 500/-
5. Dr. Balbir Kalra # 363/2/Sector-44A/Chd 10,000/-
6. S. Manohar Singh Makkar #283/Sector-37A 500/-
7. S. Avtar Singh #25A/Dashmesh Nagar/Patiala 10,000/-
8. Mata Surinder Kaur Ji # 22/Merry Gold Enclave/M.K. 15,000/-
9. Dr. Saranjit Singh #2817/Phase- 7/Mohali 2,000/-
10. S. D.P Singh #393/Phase- 9/Mohali 1,200/-
11. S. Harjinder Singh # 12/Sunny Enclave/M.K 500/-
12. S. Sarbjit Singh #49A/Comfort Homes/Kharar 3,500/-
13. Dr. Ishwardip Singh Kwatra #1999/Ph-10 15,000/-
14. Dr. Kuldip Singh Kwatra #1999/Phase-10 15,000/-
15. Dr. Kawaldip Singh Kwatra #1999/Phase-10 15,000/-
16. S. Narinder Bir Singh #1444/Sector- 34C/Chd 2,000/-
17. Bibi Surjit Kaur #1444/Sector- 34C/Chd 2,000/-
18. Bibi Gurbachan Kaur Cheema #1535/Sec34D 1,000/-
19. S. Parkash Singh #2214/1/Sector-45C/Chd 2,000/-
20. S. Swinder Singh #1316/Sector-37D/Chd 1,000/-
21. All Indian Sikh Federation(Regd.) D-9(G.F.) Green Park Main New Delhi 31,000/-
22. Sh. Behl Sahib #4729/Sector-70/Mohali 51/-
23. Bibi Manjit Kaur Bindra #1655/Sector-34D 500/-
24. Bibi Satwant Kaur # 287/Phase-3A/Mohali 500/-
25. Bibi Varinder Kaur #1116/Sector- 36C/Chd 1,100/-
26. Bibi Inderjit Kaur #1150/Sector- 44B/Chd 1,300/-
27. Bibi Joginder Kaur #1133/Sector- 44B/Chd 500/-
28. Bibi Manjit Kaur Bedi #1368/ Sector-34C/Chd 500/-
29. Bibi Parminder Kaur #416/Phase-3BI/Mohali 500/-
30. Col. Dr. Rajinder Singh #1734/Sector-33D 10,000/-
31. Bibi Ranjit Kaur/E-3/Greater Kailash Pt.1/New Delhi 25,000/
32. S. Devinder Singh #261/Sector- 45A/Chd 2,000/-
33. Bibi Gurdeep Kaur #461/Sector- 44A/Chd 1,000/-
34. S. Harsharnpal Singh Bhatia #461/Sec. 44A 1,000/-
35. Bibi Harpreet Kaur #461/Secror- 44A/Chd 1,000/-
36. Bibi. Harleen Kaur Sarna #107G/ Shivalik Vihar Naya Goan/ Mohali 500/-
37. Bibi Rajleen Kaur #836/Phase II/Mohali 500/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।